# ਸੁਖਜੀਤ ਰਚਿਤ ਕਹਾਣੀ 'ਜੀ ਬੀਬੀ ਜੀ' ਕਹਾਣੀ ਦਾ ਥੀਮ-ਵਿਗਿਆਨਕ ਅਧਿਐਨ

ਪਰਮਪਾਲ ਬਾਦਲ

'ਜੋੜੀਆਂ ਜੱਗ ਥੋੜ੍ਹੀਆਂ ਤੇ ਨਰੜ ਬਥੇਰੇ' ਦੀ ਅਖਾਣ ਅਨੁਸਾਰ ਭਾਰਤੀ ਸਮਾਜ ਵਿੱਚ ਪਹਿਲਾਂ ਕੁੜੀਆਂ ਦਾ ਪਾਲਣ ਪੋਸ਼ਣ ਇਸ ਤਰ੍ਹਾਂ ਦੇ ਮਾਹੌਲ ਵਿੱਚ ਹੁੰਦਾ ਸੀ ਕਿ ਜਿਸ ਤਰ੍ਹਾਂ ਦਾ ਵਰ ਉਨ੍ਹਾਂ ਦੇ ਮਾਤਾ ਪਿਤਾ ਵੱਲੋਂ ਉਨ੍ਹਾਂ ਲਈ ਲੱਭ ਦਿੱਤਾ, ਉਹ ਨਾ ਚਾਹੁੰਦੇ ਹੋਏ ਵੀ ਇਹ ਕਹਿ ਕੇ ਪ੍ਰਵਾਨ ਕਰ ਲੈਂਦੀਆਂ ਸਨ ਕਿ ਜੋ ਧਰਮੀ ਮਾਤਾ-ਪਿਤਾ ਨੇ ਕਰ ਦਿੱਤਾ ਉਹ ਸਿਰ ਮੱਥੇ ਹੈ । ਪਰ ਅੱਜ ਕੱਲ ਦੀਆਂ ਪੜ੍ਹੀਆਂ ਲਿਖੀਆਂ ਤੇ ਅਗਾਂਹਵਧੂ ਵਿਚਾਰਾਂ ਵਾਲੀਆਂ ਕੁੜੀਆਂ ਦੀ ਸੋਚ ਪਰੰਪਰਾਗਤ ਨੈਤਿਕ ਕਦਰਾਂ-ਕੀਮਤਾਂ ਦੇ ਉਲਟ ਹੈ । ਵਿਚਾਰਧੀਨ ਕਹਾਣੀ 'ਜੀ ਬੀਬੀ ਜੀ' ਇਸਤਰੀ ਦੇ ਮਨ-ਅੰਤਰ ਦੀ ਪੀੜ ਅਤੇ ਅਤ੍ਰਿਪਤ ਇੱਛਾ ਦੇ ਵਿਰਲਾਪ 'ਚੋਂ ਉਪਜੀ ਮਾਨਸਿਕਤਾ ਨਾਲ ਸੰਬੰਧਿਤ ਹੈ । ਕਹਾਣੀ ਪਾਠ ਔਰਤ ਦੇ ਮਨ ਦੀਆਂ ਅੰਦਰਲੀਆਂ ਤਹਿਆਂ ਨੂੰ ਫਰੋਲਦਾ ਔਰਤ ਦੇ ਕਈ ਸ਼ੇਡਜ਼ ਉਭਾਰਦਾ ਹੋਇਆ ਇਸ ਤੱਥ ਨੂੰ ਅਗਰਭੂਮੀ 'ਤੇ ਲਿਆਉਂਦਾ ਹੈ ਕਿ ਔਰਤ ਇਕ ਪਾਸੇ ਪਿਆਰ ਵਿਆਹ ਚਾਹੁੰਦੀ ਹੈ, ਦੂਸਰੇ ਪਾਸੇ ਉਹ ਡਮਰੂ ਵਾਂਗ ਵੱਜਣ ਵਾਲਾ ਗ਼ੁਲਾਮ ਮਰਦ 'ਵਰ' ਦੇ ਰੂਪ ਵਿੱਚ ਚਾਹੁੰਦੀ ਹੈ ਜੋ ਹਰ ਵਕਤ ਉਸਦੀ ਜੁੱਤੀ ਹੇਠ ਰਹਿੰਦਾ ਹੋਇਆ ਉਸਦੀ ਹਰ ਗੱਲ ਮੰਨੇ, ਇਸਦੇ ਉਲਟ ਇੱਕ ਪਾਸੇ ਉਹ ਵਰ ਦੇ ਰੂਪ ਵਿੱਚ ਪੂਰਨ ਮਰਦ ਵੀ ਲੋਚਦੀ ਹੈ ਜੋ ਉਸਦੀ ਕਾਮ ਅਤ੍ਰਿਪਤੀ ਨੂੰ ਸੰਤੁਸ਼ਟ ਵੀ ਕਰ ਸਕੇ । ਕਹਾਣੀ ਦੇ ਕੇਂਦਰੀ ਬਿਰਤਾਂਤ ਵਿੱਚ ਔਰਤ ਵਸਤੂ ਤੋਂ ਉੱਪਰ ਉੱਚ ਵਿਅਕਤੀ ਬਣਨ ਦੇ ਆਹਰ ਵਿੱਚ ਵਿਚਰਦੀ ਆਪਣੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਬਿਆਨ ਕਰਦੀ ਸਮਾਜ ਦੀਆਂ ਪਰੰਪਰਾਗਤ ਪ੍ਰਚਲਿਤ ਧਾਰਨਾਵਾਂ ਅਤੇ ਸੰਰਚਨਾਵਾਂ ਤੋਂ ਬਾਹਰ ਆ ਕੇ ਮਰਦ ਨੂੰ ਭੋਗਣ ਦੀ ਲੀਲਾ ਰਚਦੀ ਉਸਦੇ ਬਰਾਬਰ ਦੀ ਭਾਗੀਦਾਰ ਬਣਨਾ ਲੋਚਦੀ ਹੈ । ਕਹਾਣੀ ਬਿਰਤਾਂਤ ਵਿੱਚ ਔਰਤ ਦਾ ਬਦਲਦਾ ਹੋਇਆ ਮਾਨਸਿਕ ਵਿਹਾਰ ਕਹਾਣੀ ਦਾ 'ਗਤੀਸ਼ੀਲ ਮੋਟਿਫ਼' ਹੈ ਇਸ ਮੋਟਿਫ਼ ਵਿੱਚ ਔਰਤ ਦੇ ਬਦਲਦੇ ਵਿਹਾਰ ਵਿੱਚ ਉਸਦਾ ਪਰੰਪਰਾਗਤ ਅਕਸ ਝਲਕਦਾ ਹੈ । ਕਹਾਣੀ ਦੇ ਕੇਂਦਰੀ ਬਿਰਤਾਂਤ ਵਿੱਚ ਥੁੜੀ ਟੁੱਟੀ ਆਰਥਿਕਤਾ ਕਾਰਨ ਸਿਮਰਨ ਦਾ ਮਿਸਟਰ ਮਨੇਜਰ ਨਾਲ ਪਿਆਰ ਵਿਆਹ ਦੀ ਥਾਂ ਅਣਜੋੜ ਵਿਆਹ 'ਬੰਦ ਮੋਟਿਫ਼' ਹੈ । ਇਸ ਮੋਟਿਫ਼ ਵਿੱਚੋਂ ਉਭਰਦੇ ਉਪ-ਬਿਰਤਾਂਤ ਦੇ 'ਗਤੀਸ਼ੀਲ ਮੋਟਿਫ਼' ਕਹਾਣੀ ਦੀ ਤੋਰ ਅਤੇ ਤਰੀਕੇ ਨੂੰ ਨਿਰਧਾਰਿਤ ਕਰਦੇ ਹੋਏ ਸਿਮਰਨ (ਔਰਤ) ਦੇ ਮਨ ਦੀਆਂ ਅਤ੍ਰਿਪਤ ਕੰਦਲਾਂ ਨੂੰ ਫਰੋਲਦੇ ਕਹਾਣੀ ਨੂੰ ਗਤੀਸ਼ੀਲ ਬਣਾਈ ਰੱਖਦੇ ਹਨ । ਕਹਾਣੀ ਦਾ ਗੰਭੀਰਤਾ ਸਹਿਤ ਅਧਿਐਨ ਕਰਨ ਤੋਂ ਬਾਅਦ ਅਸੀਂ ਇਸ ਨਤੀਜੇ ਉੱਪਰ ਪਹੁੰਚਦੇ ਹਾਂ ਕਿ ਇਹ ਕਹਾਣੀ ਇਕਹਿਰੀ ਪੜ੍ਹਤ ਵਾਲੀ ਨਹੀਂ ਸਗੋਂ ਕਹਾਣੀ ਦਾ ਬਿਰਤਾਂਤਕ ਪਾਸਾਰ ਇਕ-ਅਯਾਮੀ ਜਾਂ ਦੋ-ਅਯਾਮੀ ਹੋਣ ਦੀ ਬਜਾਏ ਬਹੁ-

ਆਯਾਮੀ ਹੈ । ਵਿਚਾਰਧੀਨ ਕਹਾਣੀ ਦੇ ਥੀਮ-ਵਿਗਿਆਨਕ ਅਧਿਐਨ ਦੇ ਅੰਤਰਗਤ, ਅਸੀਂ ਥੀਮਾਂ ਦੇ ਅਧਿਐਨ ਦੁਆਰਾ ਰਚਨਾ ਦੀ ਤਹਿ ਹੇਠ ਲੁਕੇ ਆਂਤ੍ਰਿਕ ਅਰਥਾਂ ਤਕ ਪਹੁੰਚਣ ਲਈ ਕਹਾਣੀ ਪਾਠ ਦੇ ਮੋਟਿਫ਼ਾਂ ਦਾ ਪਰਤ-ਦਰ-ਪਰਤ ਅਧਿਐਨ ਕਰਾਂਗੇ ।

ਸਭ ਤੋਂ ਪਹਿਲਾਂ ਇਸ ਕਹਾਣੀ ਦੀ ਵਿਲੱਖਣ ਵਿਧੀ ਇਹ ਹੈ ਕਿ ਕਹਾਣੀਕਾਰ ਕਹਾਣੀ ਦੇ ਕੁਝ ਮੋਟਿਫ਼ਾਂ ਦਾ ਝਾਉਲਾ ਕਹਾਣੀ ਦੇ ਸਿਰਲੇਖ 'ਜੀ ਬੀਬੀ ਜੀ' ਤੋਂ ਹੀ ਪਾ ਦਿੰਦਾ ਹੈ । ਕਹਾਣੀ ਦਾ ਸਿਰਲੇਖ ਪਾਠਕ ਦਾ ਧਿਆਨ ਖਿਚਦਾ ਹੋਇਆ ਪਾਠਕ ਅਤੇ ਰਚਨਾ ਵਿਚਕਾਰ ਇੱਕ ਉਤਸੁਕਤਾ ਦਾ ਸੰਬੰਧ ਸਥਾਪਤ ਕਰ ਦਿੰਦਾ ਹੈ । ਜਿਓਂ ਜਿਓਂ ਕਹਾਣੀ ਵਿਚਲੀਆਂ ਘਟਨਾਵਾਂ ਦਾ ਬਿਆਨ ਅਗਾਂਹ ਤੁਰਦਾ ਜਾਂਦਾ ਹੈ ਤਿਓਂ ਤਿਓਂ ਕਹਾਣੀ ਦੇ ਸਿਰਲੇਖ ਵਿੱਚ ਲੁਕੇ ਮੋਟਿਫ਼ਾਂ ਦੇ ਆਂਤਰਿਕ ਅਰਥ ਔਰਤ ਦੀਆਂ ਅਤ੍ਰਿਪਤ ਮਾਨਸਿਕ ਇਛਾਵਾਂ ਨੂੰ ਅਗਰਭੂਮੀ 'ਤੇ ਲਿਆਉਂਦੇ ਹੋਏ ਵਿਕਾਸ ਕਰਦੇ ਹਨ । ਇਹ ਕਹਾਣੀ 'ਸਥਾਨਾਂਤਰ ਵਿਗੋਪਨ' ਦੀ ਜੁਗਤ ਨਾਲ ਸ਼ੁਰੂ ਹੁੰਦੀ ਹੈ । ਕਈ ਵਾਰ ਅਜੇਹਾ ਵੀ ਹੁੰਦਾ ਹੈ ਕਿ ਕਿਸੇ ਘਟਨਾ ਦੀ ਰੂਪ ਰੇਖਾ ਉਲੀਕਣ ਵੇਲੇ ਉਸ ਦੇ ਕੁਝ ਅਜੇਹੇ ਤੱਤਾਂ ਬਾਰੇ ਜਾਣ-ਪਛਾਣ ਕਰਾਈ ਜਾਂਦੀ ਹੈ, ਜਿਨ੍ਹਾਂ ਦੀ ਸਾਨੂੰ ਪੂਰੀ ਤਰ੍ਹਾਂ ਸਮਝ ਨਹੀਂ ਸੀ । ਅਜੇਹੀ ਜਾਣ-ਪਛਾਣ ਨੂੰ ਸਥਾਨਾਂਤਰ ਵਿਗੋਪਨ (Transposed exposition) ਕਿਹਾ ਜਾਂਦਾ ਹੈ ।[1]

> ਇਹਨੀਂ ਦਿਨੀਂ ਬਹੁਤ ਉਦਾਸ ਹੋ ਜਾਂਦੀ ਹੈ ਸਿਮਰਨ । ਜਿਓਂ ਜਿਓਂ ਬਰਫ਼ ਪਵੇਗੀ ਤਿਓਂ ਤਿਓਂ ਉਸਦੀ ਉਦਾਸੀ ਵੱਧਦੀ ਜਾਵੇਗੀ । ਪੋਟਾ ਪੋਟਾ, ਗਿੱਠ ਗਿੱਠ, ਫੇਰ ਹੱਥ ਹੱਥ ਉਚੀ ਹੋ ਰਹੀ ਬਰਫ਼ ਨਾਲ ਸਿਮਰਨ ਦੁਆਲੇ ਯਾਦਾਂ ਦੇ ਕੋਟ ਉਸਰਦੇ ਜਾਣਗੇ ... ।[2]

ਸਿਮਰਨ ਨਾਲ ਕੋਈ ਘਟਨਾ ਵਾਪਰ ਚੁੱਕੀ ਹੈ, ਜਿਸ ਦਾ ਸੰਬੰਧ ਬਰਫ਼ ਨਾਲ ਹੈ । ਪਰ ਉਸ ਘਟਨਾ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਕਿ ਉਹ ਘਟਨਾ ਕਿਹੜੀ ਹੈ ? ਸਿਰਫ਼ ਏਨਾ ਹੀ ਪਤਾ ਲਗਦਾ ਹੈ ਕਿ ਉਸ ਘਟਨਾ ਦਾ ਸੰਬੰਧ ਬਰਫ਼ ਨਾਲ ਹੈ । ਸਥਾਨਾਂਤਰ ਵਿਗੋਪਨ ਦੀ ਇਹ ਜੁਗਤ ਕਹਾਣੀ ਦੇ ਸ਼ੁਰੂ ਵਿੱਚ ਹੀ ਪਾਠਕ ਦੇ ਮਨ ਅੰਦਰ ਆਪ ਮੁਹਾਰੇ ਕਈ ਪ੍ਰਸ਼ਨ ਖੜੇ ਕਰ ਦਿੰਦੀ ਹੈ :

- ਬਰਫ਼ ਦਾ ਸਿਮਰਨ ਦੀ ਜ਼ਿੰਦਗੀ ਨਾਲ ਕੀ ਸੰਬੰਧ ਹੈ ?
- ਬਰਫ਼ ਦੇ ਵਧਣ ਨਾਲ ਸਿਮਰਨ ਦੁਆਲੇ ਕਿਹੜੀਆਂ ਯਾਦਾਂ ਦੇ ਕੋਟ ਉਸਰਦੇ ਜਾਣਗੇ ?
- ਸਿਮਰਨ ਦੀ ਉਦਾਸੀ ਪਿੱਛੇ ਲੁਪਤ ਕਾਰਨ ਕੀ ਹਨ ?
- ਕੀ ਸਿਮਰਨ ਦੀ ਉਦਾਸੀ ਦਾ ਕਾਰਨ ਬਰਫ਼ ਹੈ ਜਾਂ ਕੁਝ ਹੋਰ ?

ਇਸ ਤਰ੍ਹਾਂ ਕਹਾਣੀਕਾਰ ਕਹਾਣੀ ਦੇ ਸ਼ੁਰੂ ਵਿੱਚ ਹੀ ਪਾਠਕ ਦੇ ਮਨ ਅੰਦਰ ਸਵਾਲ ਦਰ ਸਵਾਲ ਖੜੇ ਕਰਦਾ ਹੋਇਆ ਉਸਨੂੰ ਅਗਾਂਹ ਕਹਾਣੀ ਪੜ੍ਹਣ ਲਈ ਮਜ਼ਬੂਰ ਕਰ ਦਿੰਦਾ ਹੈ । ਇਨ੍ਹਾਂ ਸੁਆਲਾਂ ਦੇ ਜੁਆਬ ਕਹਾਣੀ ਬਿਰਤਾਂਤ ਦੀਆਂ ਬਿਖਰੀਆਂ ਹੋਈਆਂ ਟੁਕੜੀਆਂ ਵਿੱਚ ਫੈਲੇ ਹੋਏ ਹਨ । ਇਨ੍ਹਾਂ ਸਵਾਲਾਂ

ਬਾਰੇ ਜਾਣਕਾਰੀ ਹੌਲੀ ਹੌਲੀ 'ਵਿਲੰਬਤ ਵਿਗੋਪਨ' ਵਜੋਂ ਬਿਖਰੀਆਂ ਹੋਈਆਂ ਟੁਕੜੀਆਂ ਵਿਚੋਂ ਮਿਲੇਗੀ ਹੈ । ਉਪਰੋਕਤ ਸਵਾਲਾਂ ਦੇ ਜੁਆਬਾਂ ਬਾਰੇ ਵਿਗੋਪਨ ਅਜੇ ਰੋਕ ਲਿਆ ਗਿਆ ਹੈ । ਕਈ ਵਾਰ ਪਾਤਰਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਕਾਫ਼ੀ ਲੰਮਾ ਅਰਸਾ ਲੈ ਜਾਂਦੀ ਹੈ। ਸਥਿਤੀ ਲਈ ਕੁਝ ਸੰਕੇਤ ਕਿਤੇ ਕਿਤੇ ਖਿਲਾਰ ਦਿੱਤੇ ਜਾਂਦੇ ਹਨ ਅਤੇ ਸਥਿਤੀ ਦੀ ਸਮਝ ਟੁਕੜਾ ਟੁਕੜਾ ਕਰਕੇ ਆਉਂਦੀ ਹੈ ।[3] ਅਜੇਹਾ ਵਿਲੰਬਿਤ ਵਿਗੋਪਨ (delayed exposition) ਕਥਾ ਦੇ ਅੰਤ ਤਕ ਕਾਇਮ ਰਹਿ ਸਕਦਾ ਹੈ । ਇਸ ਤੋਂ ਅਗਾਂਹ ਕਹਾਣੀਕਾਰ ਨੇ ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਕਹਾਣੀ ਨੂੰ ਰੋਕ ਲਿਆ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ:

> ਅੱਕ ਕੇ ਉਸਨੇ ਬਾਰੀ ਬੰਦ ਕਰ ਦਿੱਤੀ ਹੈ । ਕੌਫੀ ਕਲਰ ਦਾ ਭਾਰਾ ਪਰਦਾ ਖਿੱਚ ਦਿੱਤਾ ਹੈ, ਉਹ ਅੰਦਰ ਪਰਤ ਆਈ ਹੈ । ਅੰਦਰ ਪਰਦਿਆਂ ਤੋਂ ਲੈ ਕੇ ਬੈਡ ਸ਼ੀਟ ਤੱਕ ਡਾਰਕ ਕੋਫ਼ੀ ਕਲਰ ਹੈ, ਉਸਦਾ ਆਪਣਾ ਕੋਟ ਵੀ । ਉਸਨੇ ਕੰਧ ਘੜੀ ਵੱਲ ਵੇਖਿਆ ਹੈ, ਸੂਈ ਦੀ ਨੋਕ ਤੇ ਬਣਿਆ ਸੂਰਜ ਢਲ ਰਿਹਾ ਹੈ ।[4]

ਇਹ 'ਖੁੱਲ੍ਹੇ ਮੋਟਿਫ਼' ਹਨ ਜੋ ਕਹਾਣੀ-ਸੰਗਠਨ ਵਿੱਚ ਕੋਈ ਅਹਿਮ-ਰੋਲ ਨਹੀਂ ਨਿਭਾਉਂਦੇ। ਇਹਨਾਂ ਨੂੰ ਕਹਾਣੀ ਵਿੱਚੋਂ ਖਾਰਜ ਵੀ ਕੀਤਾ ਜਾ ਸਕਦਾ ਹੈ । ਇਹ ਕਹਾਣੀ ਵਿੱਚ ਵਾਸਤਵਿਕਤਾ ਦਾ ਭਰਮ ਉਪਜਾਣ ਲਈ ਵਰਤੇ ਜਾ ਰਹੇ ਹਨ । ਇਸ ਤੋਂ ਅਗਾਂਹ ਕਹਾਣੀਕਾਰ 'ਗਤੀਹੀਣ ਮੋਟਿਫਾਂ' ਤਹਿਤ ਕਹਾਣੀ ਨੂੰ ਆਸੇ ਪਾਸੇ ਖਿਲਾਰਦਾ ਹੋਇਆ ਸਿਮਰਨ ਪਾਤਰ ਦੀ ਮਾਨਸਿਕਤਾ ਦੇ ਕੁਝ ਪੱਖਾਂ ਨੂੰ ਉਜਾਗਰ ਕਰਨ ਵਿਚ ਰੁਝ ਜਾਂਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ:

> ਉਸਨੇ ਕੁਝ ਸੋਚਿਆ ਹੈ, ਫਿਰ ... ਰਿਮੋਟ ਬੈਲ ਦਾ ਬਟਨ ਦੱਬਿਆ ਹੈ । ... ਨਾਲ ਹੀ ਡਮਰੂ ਅੰਦਰ ਆਇਆ ਹੈ, ਗੋਰਾ ਚਿੱਟਾ-ਨਿਪਾਲੀ ਗੱਭਰੂ, ਗੱਠੇ ਸਰੀਰ ਵਾਲਾ । ... ਸਿਮਰਨ ਨੇ ਅਲਮਾਰੀ ਵੱਲ ਇਸ਼ਾਰਾ ਕੀਤਾ ਹੈ, ਡਮਰੂ ਨੇ ਬਿਨਾਂ ਆਵਾਜ਼ ਅਲਮਾਰੀ ਖੋਲ੍ਹ ਵਿਸਕੀ ਦੀ ਬੋਤਲ ਕੱਢ ਮੇਜ਼ ਤੇ ਰੱਖੀ ਹੈ । ... ਡਮਰੂ ਗਲਾਸ ਤੋਂ ਲੈ ਕੇ ਸਿਗਰਟ ਪੈਕਟ ਅਤੇ ਐਸ ਟਰੇਅ ਇੰਜ ਟਿਕਾਉਂਦਾ ਹੈ ਕਿ ਸਾਰਾ ਕੁਝ ਸੌਖਿਆ ਸਿਮਰਨ ਦੀ ਪਹੁੰਚ ਵਿਚ ਰਹੇ ।[5]

ਸਿਮਰਨ ਦੇ ਮਨੋਸੰਗਠਨ ਨੂੰ ਚਿੰਨਆਤਮਕ ਢੰਗ ਨਾਲ ਪੇਸ਼ ਕਰਕੇ ਉਪਰੋਕਤ 'ਗਤੀਹੀਨ ਮੋਟਿਫ਼' ਕਹਾਣੀ ਬਿਰਤਾਂਤ ਨੂੰ ਗਤੀ ਦੇਣ ਲਈ 'ਗਤੀਸ਼ੀਲ ਮੋਟਿਫ਼ਾਂ' ਦੇ ਵਿਕਾਸ ਹਿੱਤ ਵਰਤੇ ਗਏ ਹਨ । ਇਸ ਤੋਂ ਬਾਅਦ ਪੇਸ਼ ਹੋਏ ਮੋਟਿਫ਼ ਹਨ :

> ਸਿਮਰਨ ਬੋਤਲ ਨੂੰ ਘੂਰ ਰਹੀ ਹੈ ਜਿਸ ਵਿੱਚੋਂ ਅੱਧੀ ਵਿਸਕੀ ਪਹਿਲਾਂ ਹੀ ਪੀਤੀ ਹੋਈ ਹੈ । ਉਹ ਫੈਸਲਾ ਨਹੀਂ ਕਰ ਪਾਉਂਦੀ ਕਿ ਬੋਤਲ ਨੂੰ ਅੱਧੀ ਖਾਲੀ ਕਹੇ ਜਾਂ ਅੱਧੀ ਭਰੀ

> ਹੋਈ । ਉਸ ਨੂੰ ਆਪਣੀ ਲੰਘ ਗਈ ਅੱਧੀ ਜ਼ਿੰਦਗੀ ਯਾਦ ਆਉਂਦੀ ਹੈ । ਕਿਸ ਲੇਖੇ ਲੱਗੀ ਜ਼ਿੰਦਗੀ ? ਵਿਅਰਥ ਚਲੀ ਗਈ । ਉਸਦੇ ਮੱਥੇ ਤੇ ਵਲ ਪੈ ਗਏ ।[6]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਮੋਟਿਫ਼ ਸੰਕੇਤਕ ਤੌਰ ਉੱਤੇ ਸਿਮਰਨ ਦੀ ਸਮੁੱਚੀ ਜ਼ਿੰਦਗੀ ਬਾਰੇ ਪਾਠਕ ਨੂੰ ਜਾਣਕਾਰੀ ਦੇਣ ਲਈ ਵਰਤੇ ਗਏ ਗਤੀਸ਼ੀਲ ਮੋਟਿਫ਼ ਹਨ ਜੋ ਸਿਮਰਨ ਦੀ ਉਦਾਸੀ ਦੇ ਲੁਪਤ ਕਾਰਨਾਂ ਨੂੰ ਵਿਸਕੀ ਦੀ ਅੱਧੀ ਬੋਤਲ ਨਾਲ ਤੁਲਨਾ ਦੇ ਕੇ ਕੁਝ ਕੁ ਸਪੱਸ਼ਟ ਕਰਨ ਦਾ ਜਤਨ ਕਰਦੇ ਹਨ ਪਰ ਸਿਮਰਨ ਦੀ ਉਦਾਸੀ ਦੇ ਪੂਰਨ ਲੁਪਤ ਕਾਰਨ ਅਜੇ ਤੱਕ ਅਸਪੱਸ਼ਟ ਹਨ । ਕਹਾਣੀ ਨਾਲ ਅਪਣੱਤ ਪਾਉਣ ਲਈ ਵਰਤੇ ਗਏ ਉਪਰੋਕਤ 'ਗਤੀਸ਼ੀਲ ਮੋਟਿਫ਼' ਕਹਾਣੀ ਦੀ ਸਥਿਤੀ ਨੂੰ ਰਤਾ ਕੁ ਖੋਲ੍ਹਦੇ ਹੋਏ ਸਿਮਰਨ ਬਾਰੇ ਵਧੀਕ ਜਾਨਣ ਦੀ ਇੱਛਾ ਨੂੰ ਪ੍ਰਗਟ ਕਰਦੇ ਹਨ। ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

> ਡਮਰੂ ਨੂੰ ਆਪਣੀ ਭੁਲ ਦਾ ਅਹਿਸਾਸ ਹੋ ਗਿਆ ਹੈ, ਇਸ ਤੋਂ ਪਹਿਲਾਂ ਕਿ ਸਿਮਰਨ ਬੋਤਲ ਨੂੰ ਕੰਧ ਨਾਲ ਮਾਰੇ, ਉਹ ਫੁਰਤੀ ਨਾਲ ਬੋਤਲ ਉਠਾ ਲੈਂਦਾ ਹੈ । ਨਵੀਂ ਬੋਤਲ ਕੱਢ ਮੇਜ਼ ਤੇ ਰੱਖਦਾ ਹੈ ਅਤੇ ਪੂਰੇ ਦਾ ਪੂਰਾ ਝੁੱਕ ਕੇ ਮੁਆਫ਼ੀ ਮੰਗਦਾ ਹੈ ਤੇ ਬਾਹਰ ਜਾਣ ਦੀ ਆਗਿਆ ਵੀ, ਮੂਡ ਖਰਾਬ ਹੋਣ ਦੇ ਡਰੋਂ ਸਿਮਰਨ ਸਿਰ ਹਲਾ ਦਿੰਦੀ ਹੈ, ਮੁਸਕਰਾਉਣ ਦਾ ਯਤਨ ਕਰਦੀ ਹੈ।[7]

ਇਹ ਖੁੱਲ੍ਹੇ ਮੋਟਿਫ਼ ਹਨ ਜਿਨ੍ਹਾਂ ਨੂੰ ਕਹਾਣੀ-ਬਿਰਤਾਂਤ 'ਚੋਂ ਸੌਖਿਆ ਹੀ ਬਾਹਰ ਕੱਢਿਆ ਜਾ ਸਕਦਾ ਹੈ । ਭਾਵੇਂ ਇਨ੍ਹਾਂ ਮੋਟਿਫ਼ਾਂ ਨੂੰ ਕਹਾਣੀ ਬਿਰਤਾਂਤ ਵਿੱਚੋਂ ਖਾਰਜ ਕਰਨ ਨਾਲ ਕਹਾਣੀ ਦੇ ਸੰਗਠਨ ਉਪਰ ਕੋਈ ਪ੍ਰਭਾਵ ਨਹੀਂ ਪੈਂਦਾ ਪਰ ਫਿਰ ਵੀ ਕਹਾਣੀ ਵਿੱਚ ਇਨ੍ਹਾਂ ਮੋਟਿਫ਼ਾਂ ਦੀ ਸਾਰਥਕਤਾ ਨੂੰ ਇਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਆਮ ਤੌਰ ਤੇ ਖੁੱਲ੍ਹੇ ਮੋਟਿਫ਼ ਕਿਸੇ ਬੱਝੇ ਮੋਟਿਫ਼ ਦੇ ਵਿਕਾਸ ਹਿਤ ਵਰਤੇ ਜਾਂਦੇ ਹਨ ।[8] ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

> ਅੱਧੀ ਭਰੀ ਜਾਂ ਖਾਲੀ ਬੋਤਲ ਡਮਰੂ ਨਾਲ ਹੀ ਬਾਹਰ ਲੈ ਜਾਂਦੀ ਹੈ (ਜਾਂਦਾ ਹੈ) ਅਧੂਰੀ ਜਾਂ ਵਰਤੀ ਹੋਈ ਚੀਜ਼ ਸਿਮਰਨ ਆਪਣੇ ਕੋਲ ਨਹੀਂ ਸਹਿ ਸਕਦੀ । ਉਹ ਬੋਤਲ ਵੀ ਆਪ ਖੋਲ੍ਹਦੀ ਹੈ, ਔਖੀ ਹੋ ਕੇ । ਪਹਿਲਾਂ ਪਹਿਲਾਂ ਮੈਡਮ ਨੂੰ ਔਖੀ ਹੁੰਦੀ ਵੇਖ ਡਮਰੂ ਪ੍ਰੇਸ਼ਾਨ ਹੋ ਜਾਇਆ ਕਰਦਾ ਸੀ, ਹੁਣ ਤਾਂ ਆਦੀ ਹੋ ਗਿਆ ਹੈ । ਆਦੀ ਤਾਂ ਉਹ ਬਹੁਤ ਸਾਰੀਆਂ ਗੱਲਾਂ ਦਾ ਤੇ ਕੰਮਾਂ ਦਾ ਹੋ ਗਿਆ ਹੈ, ਸਿਰਫ ਬੋਲਣ ਨੂੰ ਛੱਡ ਕੇ ।[9]

ਸਿਮਰਨ ਦੀ ਮਾਨਸਿਕਤਾ ਨਾਲ ਸੰਬੰਧਿਤ ਉਪਰੋਕਤ ਮੋਟਿਫ਼ ਸੰਕੇਤਕ ਤੌਰ ਉੱਤੇ ਅਗਾਂਹ ਵਾਪਰਣ ਵਾਲੇ ਮੋਟਿਫ਼ਾਂ ਵੱਲ ਇਸ਼ਾਰਾ ਹਨ । ਇਨ੍ਹਾਂ ਮੋਟਿਫ਼ਾਂ ਦੇ ਕਈ ਸੰਕੇਤ ਹਨ । ਇੱਕ ਸੰਕੇਤ ਤਾਂ ਇਹ ਹੈ ਕਿ ਸਿਮਰਨ ਕੋਈ ਵੀ ਵਰਤੀ ਹੋਈ ਚੀਜ਼ ਪਸੰਦ ਨਹੀਂ ਕਰਦੀ ਪਰ ਉਹ ਕਿਹੜੀ ਵਰਤੀ ਹੋਈ ਚੀਜ਼

ਪਸੰਦ ਨਹੀਂ ਕਰਦੀ ਇਹ ਸੰਕੇਤ ਜਰਾ ਡੂੰਘਾ ਹੈ । ਇਨ੍ਹਾਂ ਮੋਟਿਫ਼ਾਂ ਵਿੱਚੋਂ ਇਕ ਸੰਕੇਤ ਇਹ ਵੀ ਮਿਲਦਾ ਹੈ ਕਿ ਸਿਮਰਨ, ਡਮਰੂ ਨੂੰ ਆਪਣੀ ਮਰਜ਼ੀ ਅਨੁਸਾਰ ਵਰਤਦੀ ਹੈ । ਪਰ ਇਨ੍ਹਾਂ ਸੰਕੇਤਾਂ ਬਾਰੇ ਪੂਰਨ ਵਿਗੋਪਨ ਅਜੇ ਰੋਕਿਆ ਹੋਇਆ ਹੈ ਅਰਥਾਤ ਕਹਾਣੀਕਾਰ ਕੁਝ ਦਰਸਾ ਵੀ ਰਿਹਾ ਹੈ ਅਤੇ ਕੁਝ ਲੁਕਾਅ ਵੀ ਰਿਹਾ ਹੈ । ਬੱਸ ਇਸ ਸਾਰੀ ਗੁੰਝਲਦਾਰ ਮਨੋਸਥਿਤੀ ਵਿੱਚ ਹੀ ਕਹਾਣੀ ਬਿਰਤਾਂਤ ਦੇ 'ਬੱਝੇ ਮੋਟਿਫ਼ਾਂ' ਦਾ ਰਹੱਸ ਲੁਕਿਆ ਹੋਇਆ ਹੈ ? ਬੱਝੇ ਮੋਟਿਫ਼ਾਂ ਵਿੱਚ ਲੁੱਕੇ ਹੋਏ ਰਹੱਸ ਬਾਰੇ ਜਾਣਕਾਰੀ ਹੌਲੀ-ਹੌਲੀ 'ਵਿਲੰਬਤ ਵਿਗੋਪਨ' ਵਜੋਂ ਮਿਲਦੀ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

> ਢੇਰ ਸਾਰੀਆਂ ਗੱਲਾਂ ਕਰਨ ਵਾਲੇ ਡਮਰੂ ਲਈ ਚੁੱਪ ਰਹਿਣਾ ਬਹੁਤ ਮੁਸ਼ਕਿਲ ਹੈ। ਸ਼ੁਰੂ ਵਿੱਚ ਮੈਡਮ ਟੋਕਦੀ ਤਾਂ ਉਹ ਬਹੁਤ ਔਖਾ ਹੁੰਦਾ ਫਿਰ ਜੀਭ ਟੁੱਕਣ ਵਾਲਾ ਫਾਰਮੂਲਾ ਕੰਮ ਆਇਆ ਸੀ ... ਜੀਭ ਦੰਦਾਂ ਥੱਲੇ ਦੱਬ ਲਿਆ ਕਰ । ... ਸਿਮਰਨ ਨੂੰ ਇਹ ਤਰੀਕਾ ਉਹਦੀ ਮਾਂ ਨੇ ਸਿਖਾਇਆ ਸੀ ਜਦੋਂ ਉਹਦੀ ਗਾਉਣ ਦੀ ਆਦਤ ਛੁਡਾਈ ਸੀ, ਹੁਣ ਵੀ ਉਹ ਇਹੀ ਤਰੀਕਾ ਵਰਤਦੀ ਹੈ । ਜਦੋਂ ਕਦੇ ਬੀਤੇ ਨੂੰ ਯਾਦ ਕਰਨਾ ਹੋਵੇ ਜਾਂ ਯਾਦਾਂ ਤੋਂ ਪਿੱਛਾ ਛੁਡਾਉਣਾ ਹੋਵੇ, ਵਿਚਾਰੀ ਜੀਭ ਦੰਦਾਂ ਥੱਲੇ ਆ ਹੀ ਜਾਂਦੀ ਹੈ ।[10]

ਸਿਮਰਨ ਦੇ ਮਨੋਸੰਗਠਨ ਨੂੰ ਬਿਨਾ ਕੋਈ ਕਾਰਨ ਬਿਆਨਿਆ ਹੋਰ ਸੰਦੇਹ ਵਿੱਚ ਲਟਕਾਉਂਦੇ ਇਹ ਗਤੀਹੀਨ ਮੋਟਿਫ਼, ਜਿਥੇ ਕਹਾਣੀ ਨੂੰ ਅਗਾਂਹ ਵੱਲ ਵਧਣ ਤੋਂ ਰੋਕ ਕੇ ਅਤੀਤ ਕਾਲਕ ਤੇ ਵਰਤਮਾਨ ਵੇਰਵਿਆਂ ਨੂੰ ਇਕੋ ਸਮੇਂ ਪੇਸ਼ ਕਰਦੇ ਹਨ, ਉੱਥੇ ਉਪਰੋਕਤ ਮੋਟਿਫ਼ ਵਾਸਤਵਿਕਤਾ ਦਾ ਅਜਨਬੀਕਰਣ ਕਰਦੇ ਹੋਏ ਕਲਾ-ਪ੍ਰੇਰਕ ਦੇ ਤੌਰ ਤੇ ਮੋਟਿਫ਼ਾਂ ਨੂੰ ਪੇਸ਼ ਕਰਦੇ ਹਨ । ਇਨ੍ਹਾਂ ਮੋਟਿਫ਼ਾਂ ਵਿੱਚ ਉਹ ਕਾਰਨ ਲੁਕਿਆ ਹੋਇਆ ਹੈ ਜਿਸ ਸਦਕਾ ਸਿਮਰਨ ਦੀ ਮਾਂ ਨੇ ਉਸਨੂੰ ਗਾਉਣ ਤੋਂ ਰੋਕਣ ਲਈ ਵਰਜਿਆ ਸੀ । ਇਸ ਬਾਰੇ ਜਾਣਕਾਰੀ ਸਾਨੂੰ ਅਗਾਂਹ ਮਿਲੇਗੀ । ਇਸ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ । ਇਸ ਤੋਂ ਅਗਾਂਹ ਸਿਮਰਨ ਦੀ ਉਦਾਸ ਮਾਨਸਿਕਤਾ ਨੂੰ ਪ੍ਰਗਟ ਕਰਦੇ 'ਗਤੀਸ਼ੀਲ ਮੋਟਿਫ਼' ਸਿਮਰਨ ਦੀ ਉਦਾਸੀ ਦੇ ਗੁਪਤ ਕਾਰਨ ਬਾਰੇ ਵਧੀਕ ਜਾਣਨ ਦੀ ਇੱਛਾ ਨੂੰ ਪ੍ਰਗਟ ਕਰਦੇ ਹਨ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਡਮਰੂ ਅੰਦਰ ਆਇਆ ਹੈ, ਟਰੇਅ ਵਿੱਚ ਤਲੇ ਹੋਏ ਕਾਜੂ ਤੇ ਵੱਡਾ ਸਾਰਾ ਡੌਂਗਾ ਕੁਦਰਤੀ ਬਰਫ਼ ਦਾ ਹੈ । ਸਿਮਰਨ ਵਿਸਕੀ 'ਚ ਬਰਫ਼ ਪਾਵੇ ਨਾ ਪਾਵੇ ਪਰ ਇਹ ਉਸਦੇ ਸਾਹਮਣੇ ਰਹਿਣੀ ਚਾਹੀਦੀ ਹੈ । ਇਹ ਇਸ ਸਿਆਲ ਦੀ ਪਹਿਲੀ ਬਰਫ਼ ਹੈ ।[11]

ਇਸ ਤੋਂ ਅਗਾਂਹ ਕਹਾਣੀਕਾਰ 'ਗਤੀਹੀਨ ਮੋਟਿਫ਼ਾਂ' ਤਹਿਤ ਕਹਾਣੀ ਦੇ ਅਗਾਂਹ ਵੱਲ ਵਿਕਾਸ ਨੂੰ ਰੋਕ ਕੇ ਸਿਮਰਨ ਦੀ ਜ਼ਿੰਦਗੀ ਵਿੱਚ ਬਰਫ਼ ਨਾਲ ਜੁੜੇ ਹੋਏ ਉਦਾਸ ਮਾਨਸਿਕਤਾ ਦੇ ਮੋਟਿਫ਼ਾਂ ਪਿੱਛੇ ਲੁਪਤ

ਕਾਰਨਾਂ ਦੇ ਮਾਹੌਲ ਨੂੰ ਸੰਕੇਤਕ ਤੌਰ ਉਤੇ ਸਪੱਸ਼ਟ ਕਰਦਾ ਹੋਇਆ ਕਹਾਣੀ ਨੂੰ ਆਸੇ ਪਾਸੇ ਖਿਲਾਰਨਾ ਸ਼ੁਰੂ ਕਰ ਦਿੰਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਦੇ ਬਿਰਤਾਂਤ ਵਿੱਚ ਦੇਖਦੇ ਹਾਂ :

> ਪੈਗ ਬਣਾ ਰਹੀ ਸਿਮਰਨ ਮਨ ਹੀ ਮਨ ਆਲੇ ਦੁਆਲੇ ਦੂਰ ਤੱਕ ਫੈਲੀ ਦੁੱਧ ਚਿੱਟੀ ਬਰਫ਼ ਵੇਖ ਰਹੀ ਹੈ । ਉਸ ਨੇ ਅੱਖਾਂ ਮੀਟ ਕੇ ਮਨ ਹੀ ਮਨ ਇਸ ਰੁੱਤ ਦੀ ਪਹਿਲੀ ਬਰਫ਼ ਦਾ ਸਵਾਗਤ ਕੀਤਾ ਹੈ । ਜਿਵੇਂ ਕਦੇ ਏਸ ਬਰਫ਼ ਨੇ ਸਿਮਰਨ ਦਾ ਸੁਆਗਤ ਕੀਤਾ ਸੀ, ਚੁੱਪ ਏਨੀ ਕਿ ਉਦੋਂ ਜਦੋਂ ਉਸ ਨੇ ਬਰਫ਼ ਦੇ ਏਸ ਸੁਆਗਤ ਦਾ ਹੁੰਗਾਰਾ ਭਰਨ ਲਈ ਪਲਕਾਂ ਲਪਕੀਆਂ ਸਨ ਤਾਂ ਪਲਕਾਂ ਦੇ ਝਪਕਣ ਦੀ ਆਵਾਜ਼ ਸੁਣਕੇ ਹੈਰਾਨ ਰਹਿ ਗਈ ਸੀ, ਹੁਣ ਤਾਂ ਆਦੀ ਹੋ ਗਈ ਹੈ ।'' ਉਸਨੇ ਵਿਸਕੀ ਦੀਆਂ ਕੁਝ ਘੁੱਟਾਂ ਭਰੀਆਂ ਹਨ, ਸਿਗਰਟ ਬਾਲ ਕੇ ... ਕਸ਼ ਖਿਚਦਿਆਂ ਉਹ ਧੂੰਏ ਦੇ ਛੱਲੇ ਬਨਾਉਣ ਲੱਗੀ । ਛੱਲਿਆਂ ਵਿੱਚੋਂ ਕੁਝ ਸ਼ਕਲਾਂ ਬਣਨ ਲੱਗੀਆਂ, ਫਿਰ ਆਪ ਮੁਹਾਰੇ ਹੀ ਉਹਨਾਂ ਦਿਨਾਂ ਦੀਆਂ ਯਾਦਾਂ ਨੇ ਆਣ ਵਲ੍ਹਿਆ ।[12]

ਸਿਮਰਨ ਦੀ ਉਦਾਸ ਮਾਨਸਿਕਤਾ ਨਾਲ ਸੰਬੰਧਿਤ ਉਪਰੋਕਤ 'ਗਤੀਹੀਨ ਮੋਟਿਫ਼' ਕਹਾਣੀ ਦੇ ਅਗਾਂਹ ਵੱਲ ਵਿਕਾਸ ਨੂੰ ਰੋਕ ਕੇ ਉਸਨੂੰ ਵਰਤਮਾਨ 'ਚ ਆਸੇ-ਪਾਸੇ ਫੈਲਾਉਂਦੇ ਹੋਏ ਕਹਾਣੀ ਦੇ ਰੁਖ਼ ਨੂੰ ਅਤੀਤ-ਸੰਦਰਭਾਂ ਵੱਲ ਮੋੜ ਦਿੰਦੇ ਹਨ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਉਹਨੀਂ ਦਿਨੀਂ ਪੰਜਾਬ ਦੇ ਇਕ ਕਸਬੇ 'ਚ ਵਸਦੇ ਸਨ ਉਹ । ਮਾਂ ਬਾਪ ਛੋਟਾ ਭਰਾ ਤੇ ਅੱਕੀ । ਅੱਕੀ ਉਹਦਾ ਨਾਂ ਉਹਦੇ ਪਿਉ ਨੇ ਰੱਖਿਆ ਸੀ । ਨਾਨੀ ਦੱਸਦੀ, ''ਅੱਕੀਏ ਤੇਰੀ ਮਾਂ ਤੋਂ ਪਿੱਛੋਂ ਮੇਰੇ ਚਾਰ ਧੀਆਂ ਹੋਰ ਹੋਈਆਂ ਸੀ, ਤੇਰੇ ਪਿਓ ਨੂੰ ਵਹਿਮ ਸੀ ਕਿ ਅੱਗੋਂ ਤੇਰੀ ਮਾਂ ਵੀ ਮੇਰੇ ਵਾਂਗੂੰ ਧੀਆਂ ਨਾ ਜੰਮ ਧਰੇ । ਤਾਂ ਈ ਪਹਿਲੀ ਧੀ ਤੋਂ ਅੱਕ ਕੇ ਓਸ ਤੇਰਾ ਨਾ ਅੱਕੀ ਰੱਖਿਆ ਸੀ ... ।''[13]

ਪਿੱਛਲਝਾਤ ਦੀ ਜੁਗਤ ਵਜੋਂ ਪੇਸ਼ ਹੋਏ ਇਹ 'ਗਤੀਹੀਨ ਮੋਟਿਫ਼' ਜਿੱਥੇ ਪਾਠਕ ਦਾ ਧਿਆਨ ਸਿਮਰਨ ਵਲੋਂ ਹਟਾ ਕੇ ਉਸਦੇ ਪਰਿਵਾਰ ਬਾਰੇ ਜਾਣਕਾਰੀ ਦਿੰਦੇ ਹੋਏ ਉਸਦੇ ਪਿਤਾ ਵਲੋਂ ਉਸਦਾ ਨਾਮ ਅੱਕੀ ਰੱਖਣ ਦੇ ਕਾਰਨਾਂ ਉੱਤੇ ਕੇਂਦਰਿਤ ਕਰਦੇ ਹਨ । ਉਥੇ ਕਹਾਣੀ ਬਿਰਤਾਂਤ ਨੂੰ ਥੋੜ੍ਹਾ ਠਰ੍ਹੰਮਾ ਦੇਣ ਲਈ ਗਲਪ ਕਾਲ ਅਤੇ ਪਠਨ-ਕਾਲ ਨੂੰ ਸਮਾਨ ਰੂਪ ਵਿੱਚ ਪੇਸ਼ ਕਰਦੇ ਹੋਏ ਇਹ ਪ੍ਰਭਾਵ ਸਪੱਸ਼ਟ ਕਰਦੇ ਹਨ ਕਿ ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਪ੍ਰਤੀ ਵਿਤਕਰਾ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ, ਜਿਸਦਾ ਸੰਤਾਪ ਉਹ ਸਾਰੀ ਜ਼ਿੰਦਗੀ ਭੋਗਦੀ ਰਹਿੰਦੀ ਹੈ । ਇਸ ਤੋਂ ਅਗਾਂਹ ਕਹਾਣੀਕਾਰ ਗਤੀਹੀਨ ਮੋਟਿਫ਼ਾਂ ਦੇ ਅੰਤਰਗਤ ਕਹਾਣੀ ਦੇ ਅਗਾਂਹ ਵੱਲ ਵਿਕਾਸ ਨੂੰ ਰੋਕ ਕੇ ਠਰ੍ਹੰਮੇਦਾਰ ਜੁਗਤ ਦੀ ਵਰਤੋਂ ਕਰਦਾ ਹੋਇਆ ਕਹਾਣੀ ਨੂੰ ਲਮਕਾਉਣ ਲੱਗ ਪੈਂਦਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ —

> ਪਰ ਅੱਕੀ ਨੇ ਕਾਲਜ ਜਾਣ ਤੋਂ ਪਹਿਲਾਂ ਪਹਿਲਾਂ ਆਪਣਾ ਨਾਂ ਬਦਲ ਕੇ ਸਿਮਰਨ ਰੱਖ ਲਿਆ ਸੀ । ਘਰ ਵਿੱਚ ਦਾਦੇ ਤੋਂ ਮਗਰੋਂ ਪਿਓ ਦਾ ਰਾਜ ਸੀ । ਨਾ ਕਦੇ ਦਾਦੀ ਨੇ ਉਚਾ ਸਾਹ ਲਿਆ ਸੀ, ਨਾ ਮਾਂ ਨੇ, ਅੱਗੋਂ ਹੋਸ਼ ਸੰਭਾਲਦੀ ਸਿਮਰਨ ਨੂੰ ਵੀ ਤਾੜਣਾ ਕਰ ਦਿੱਤੀ ਗਈ ਸੀ । ਪਿਓ ਦੀ ਉਮਰ ਅਜੇ ਢਾਲੇ ਨਹੀਂ ਸੀ ਪਈ ਕਿ ਛੋਟਾ ਭਰਾ ਜਵਾਨੀ ਚੜ੍ਹਨ ਲੱਗਾ । ਉਸ ਨੇ ਹਰ ਤਰ੍ਹਾਂ ਪਿਓ ਦਾ ਲਹਿਜਾ ਅਪਣਾ ਲਿਆ ਸੀ । ਫੈਕਟਰੀ ਤੇ ਘਰ ਵਿੱਚ ਵੀ । ਉਹ ਤਾਂ ਮਾਂ ਨੂੰ ਵੀ ਅੱਖਾਂ ਕੱਢ ਲੈਂਦਾ ਸੀ, ਪਿਓ ਦੀ ਰੀਸ ਅਤੇ ਸਹਿ ਨਾਲ । ਸਿਮਰਨ ਪੜ੍ਹ ਰਹੀ ਹੁੰਦੀ, ਉਹ ਆ ਕੇ ਲਾਈਟ ਬੁਝਾ ਦਿੰਦਾ ਤੇ ਹੁਕਮ ਚਾੜ੍ਹਦਾ, ''ਸੌਂ ਜਾਂ ਵੱਡੀਏ ਪੜ੍ਹਾਕੇ ਤੇ ਹੋਰਾਂ ਨੂੰ ਵੀ ਸੌਣ ਦੇ ... । ਤੇਰੇ ਵਾਂਗੂੰ ਵਿਹਲੇ ਨਹੀਂ ਸਾਰੇ ... ।'' ਆਪਣੇ ਤੋਂ ਤਿੰਨ ਸਾਲ ਛੋਟੇ ਨਲਾਇਕ ਭਰਾ ਦੀਆਂ ਵਧੀਕੀਆਂ ਚੁਭਦੀਆਂ ਬਹੁਤ ਪਰ ਘਰ ਵਿੱਚ ਕੁੜੀਆਂ ਉਭਾਸਰ ਨਹੀਂ ਸਕਦੀਆਂ ਸਨ ।[14]

ਉਪਰੋਕਤ ਮੋਟਿਫ਼ ਭਾਵੇਂ ਗਤੀਹੀਨ ਮੋਟਿਫ਼ਾਂ ਤਹਿਤ ਕਹਾਣੀ ਦੇ ਅਗਾਂਹ ਵੱਲ ਵਿਕਾਸ ਨੂੰ ਰੋਕਦੇ ਹਨ, ਪਰ ਇਨ੍ਹਾਂ ਮੋਟਿਫ਼ਾਂ ਵਿੱਚ ਪਰੰਪਰਾਗਤ ਸੋਚਾਂ ਸਦਕਾ ਮਰਦ ਪ੍ਰਧਾਨ ਸਮਾਜ ਵੱਲੋਂ ਔਰਤ ਜਾਤੀ ਨਾਲ ਹੋ ਰਹੀਆਂ ਵਧੀਕੀਆਂ ਅਤੇ ਮਰਦ ਜਾਤ ਦੀ ਪ੍ਰਧਾਨਗੀ ਦਾ ਥੀਮ ਪਿਆ ਹੋਇਆ ਹੈ । ਜੋ ਇਹ ਪ੍ਰਭਾਵ ਉਜਾਗਰ ਕਰਦਾ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਪ੍ਰਾਪਤ ਨਹੀਂ । ਇਸੇ ਲਈ ਉਸ ਨੂੰ ਵਿਆਹ ਤੋਂ ਪਹਿਲਾਂ ਪਿਤਾ, ਪਿਤਾ ਤੋਂ ਬਾਅਦ ਪਤੀ ਅਤੇ ਪਤੀ ਤੋਂ ਬਾਅਦ ਪੁੱਤਰਾਂ ਦੇ ਦਬਾਅ ਹੇਠ ਘਰ ਦੀ ਚਾਰ-ਦੀਵਾਰੀ ਵਿੱਚ ਰਹਿਣਾ ਪੈਂਦਾ ਹੈ । ਇਹ ਸਮੁੱਚੀ ਔਰਤ ਦੀ ਤ੍ਰਾਸਦੀ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

(ੳ) ਸਿਮਰਨ ਨੇ ਮਾਂ ਨੂੰ ਮੋਮਬੱਤੀ ਵਾਂਗ ਬਲਦਿਆਂ ਦੇਖਿਆ ਸੀ । ਸੁਬਹ ਚਾਰ ਵਜੇ ਤੋਂ ਰਾਤ ਗਿਆਰਾਂ ਵਜੇ ਤੱਕ ਮਾਂ ਖੜ੍ਹੀ ਲੱਤ ਰਹਿੰਦੀ । ਪਿਓ ਨਹਾ ਰਿਹਾ ਹੁੰਦਾ ਮਾਂ ਤੋਲੀਆ ਫੜੀ ਬਾਥਰੂਮ ਦੇ ਬੂਹੇ 'ਚ ਖੜ੍ਹੀ ਹੁੰਦੀ, ਉਦੋਂ ਹੀ ਭਰਾ ਆਵਾਜ਼ ਮਾਰਦਾ, ''ਮਾਂ ਮੇਰੇ ਬੂਟ?'', ''ਮਾਂ ਸਾਹੋ ਸਾਹ ਹੋਈ ਭੱਜਦੀ ਰਹਿੰਦੀ ।[15]

(ਅ) ਫਿਰ ਸਿਮਰਨ ਵੀ ਇੰਜ ਹੀ ਭੱਜਣ ਲੱਗੀ, ਪਰ ਉਸਦੇ ਅੰਦਰ ਇਕ ਰੋਹ ਵੀ ਚਲਦਾ ਰਹਿੰਦਾ । ਉਹ ਬੁੜਬੁੜਾਉਂਦੀ,, ''ਸਾਨੂੰ ਕਾਹਨੂੰ ਜੰਮਣਾ ਸੀ ਮਾਂ ...।'' ਜਾਂ, ''ਔਰਤ ਕਿਉਂ ਬਣਾਈ ਰੱਬਾ ...।'' ਫਿਰ ਇਹ ਬੁੜਬੁੜਾਉਣਾ ਗੁਣਗਾਉਣ 'ਚ ਬਦਲਿਆ ... ।[16]

ਉਪਰੋਕਤ ਮੋਟਿਫ਼ਾਂ ਨੂੰ ਅਸੀਂ 'ਸਮਾਨ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼' ਦੇ ਤੌਰ ਉੱਤੇ ਵਿਚਾਰ ਸਕਦੇ ਹਾਂ । ਰਚਨਾ ਵਿਚਲੇ ਮੋਟਿਫ਼ ਉਦੋਂ ਸਮਾਨ ਪ੍ਰਕਿਰਤੀ ਵਾਲੇ ਅਖਵਾਉਂਦੇ ਹਨ ਜਦੋਂ ਕਾਰਜਾਂ ਦਾ ਪ੍ਰਭਾਵ ਸਮਾਨ ਪਵੇ ।[17] ਉਪਰੋਕਤ ਮੋਟਿਫ਼ਾਂ ਵਿੱਚ ਸਿਮਰਨ ਅਤੇ ਉਸਦੀ ਮਾਂ ਵਲੋਂ ਉਸਦੇ ਪਿਓ ਅਤੇ ਭਰਾ

ਦੇ ਦਬਾਅ ਹੇਠ ਰਹਿਣ ਦਾ ਪ੍ਰਭਾਵ ਸਮਾਨ ਪੈਂਦਾ ਹੈ । ਇਸ ਤੋਂ ਅਗਾਂਹ ਕਹਾਣੀਕਾਰ ਸਿਮਰਨ ਵਲੋਂ ਸਹੇਲੀਆਂ, ਕਲਾਸ, ਕਾਲਜ ਦੀ ਸਟੇਜ ਉੱਪਰ ਰੋਹ-ਭਰੇ ਗੀਤ ਗਾਉਣ ਨਾਲ ਸੰਬੰਧਿਤ 'ਖੁੱਲ੍ਹੇ ਮੋਟਿਫ਼' ਸਿਰਕ ਕੇ ਕਹਾਣੀ ਦੇ ਅਗਾਂਹ ਵੱਲ ਵਿਕਾਸ ਨੂੰ ਰੋਕ ਕੇ ਆਸੇ ਪਾਸੇ ਖਿਲਾਰਨ ਵਿੱਚ ਰੁਝ ਜਾਂਦਾ ਹੈ ਤਾਂ ਜੋ ਪਾਠਕ ਕਹਾਣੀ ਵਿੱਚ ਕਾਰਜਸ਼ੀਲ ਬਿਖਰੀਆਂ ਟੁਕੜੀਆਂ ਨੂੰ ਜਲਦੀ ਨਾ ਜਾਣ ਜਾਵੇ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

> ਉਹ ਕੰਬ ਗਈ ਹੈ । ਅੰਦਰੋਂ ਹਉਕਾ ਉਠਿਆ ਹੈ । ਉਸਨੇ ਹੱਥ ਵਧਾ ਕੇ ਗਿਲਾਸ ਚੁੱਕਿਆ ਹੈ ਤੇ ਇਕੋ ਸਾਹ ਅੰਦਰ ਸੁੱਟ ਲਿਆ ਹੈ । ਨਵੀਂ ਸਿਗਰਟ ਬਾਲੀ ਹੈ । ਦੋ ਚਾਰ ਕਸ਼ ਖਿੱਚੇ ਹਨ ਤੇ ਐਸ਼ ਟਰੇਅ ਵਿੱਚ ਮਸਲ ਦਿੱਤੀ ਹੈ ...।[18]

ਕਹਾਣੀ ਵਿੱਚ ਪੇਸ਼ ਹੋਏ ਉਪਰੋਕਤ ਗਤੀਸ਼ੀਲ ਮੋਟਿਫ਼ ਅਤੀਤ ਵਿੱਚ ਵਿਚਰਦੀ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ ਇਕ ਜੁਗਤ ਦਾ ਕੰਮ ਕਰਦੇ ਹਨ ।ਇਸ ਸਦਕਾ ਕਹਾਣੀ ਆਪਣੇ ਅਸਲੀ ਵਿਕਾਸ ਵੱਲ ਵੱਧਦੀ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਉਹਨੀਂ ਦਿਨੀਂ ਹੀ ਪ੍ਰੋ. ਵਿਕਾਸ ਕਾਲਜ ਵਿੱਚ ਆਇਆ ਸੀ ਨਵਾਂ ਨਵਾਂ, ਨਵੀਂ ਨਿਯੁਕਤੀ । ਮੇਘਨਾ ਦੀ ਭੂਆ ਦਾ ਮੁੰਡਾ। ਉਸ ਰਾਹੀਂ ਨੇੜ ਹੋਇਆ ਸੀ । ਸਿਮਰਨ ਨੂੰ ਜਾਪਿਆ ਜਿਵੇਂ ਉਹ ਇਸਨੂੰ ਹੀ ਉਡਕਦੀ ਹੋਵੇ ... ਜਿਵੇਂ ਗੁਆਚਿਆ ਲੱਭ ਗਿਆ ਹੋਵੇ, ਉਹ ਸ਼ਰਮਾ ਗਈ ਸੀ ਜਾਂ ਡਰ ਗਈ ਸੀ ਪਤਾ ਨਹੀਂ, ਉਹ ਘਰ ਨੂੰ ਭੱਜ ਆਈ ਸੀ ।[19]

ਉਪਰੋਕਤ ਮੋਟਿਫ਼ ਸੰਕੇਤਕ ਤੌਰ ਉੱਤੇ ਸਿਮਰਨ ਦੀ ਉਦਾਸ ਮਾਨਸਿਕਤਾ ਪਿੱਛੇ ਲੁਪਤ ਕੁਝ ਕੁ ਕਾਰਨਾਂ ਦੇ ਵਿਗੋਪਨ ਨੂੰ ਸਪੱਸ਼ਟ ਕਰਦੇ ਹੋਏ ਇਹ ਪ੍ਰਭਾਵ ਉਜਾਗਰ ਕਰਦੇ ਹਨ ਕਿ ਹੋ ਸਕਦਾ ਹੈ ਕਿ ਸਿਮਰਨ ਦੀ ਉਦਾਸੀ ਦਾ ਕਾਰਨ ਪ੍ਰੋ. ਵਿਕਾਸ ਹੋਵੇ । ਪਰ ਸਿਮਰਨ ਦੀ ਉਦਾਸ ਮਾਨਸਿਕਤਾ ਪਿੱਛੇ ਲੁਪਤ ਕਾਰਨਾਂ ਦਾ ਪੂਰਨ ਵਿਗੋਪਨ ਅਜੇ ਤੱਕ ਰੋਕਿਆ ਹੋਇਆ ਹੈ । ਇਸ ਤੋਂ ਅਗਾਂਹ ਕਹਾਣੀਕਾਰ ਗਤੀਹੀਨ ਮੋਟਿਫ਼ਾਂ ਤਹਿਤ ਅਤੀਤ ਤੇ ਵਰਤਮਾਨ ਦੇ ਮੋਟਿਫ਼ਾਂ ਨੂੰ ਪੇਸ਼ ਕਰਦਾ ਹੋਇਆ ਕਹਾਣੀ ਬਿਰਤਾਂਤ ਦੇ ਅਗਾਂਹ ਵੱਲ ਵਿਕਾਸ ਨੂੰ ਰੋਕ ਕੇ ਸਿਮਰਨ ਦੀ ਮਾਂ ਵਲੋਂ ਉਸਨੂੰ ਗਾਉਣ ਤੋਂ ਰੋਕਣ ਦੇ ਕਾਰਨਾਂ ਨੂੰ ਸਪੱਸ਼ਟ ਕਰਨ ਲੱਗ ਪੈਂਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਸਿਮਰਨ ਵਲੋਂ ਪ੍ਰੋ. ਵਿਕਾਸ ਨਾਲ ਪਿਆਰ ਹੋ ਜਾਣ ਤੋਂ ਬਾਅਦ ਦੇ ਮੋਟਿਫ਼ਾਂ ਵਿੱਚ ਦੇਖਦੇ ਹਾਂ -

> ਪਰ ਉਸ ਦਿਨ ਸਮਾਂ ਜਿਵੇਂ ਹਰ ਥਾਂ ਚੱਲ ਪਿਆ ਸੀ । ... ਉਹ ਉਡਦੀ ਉਡਦੀ ਘਰ ਨੂੰ ਆ ਰਹੀ ਸੀ, ਗਾਉਂਦੀ ਹੋਈ । ਉਸ ਨੂੰ ਨਹੀਂ ਸੀ ਪਤਾ ਕਿ ਮੁਹੱਲੇ ਦੇ ਮੋੜ ਤੇ ਹੋਰ ਮੁਸ਼ਟੰਡਿਆਂ ਵਿੱਚ ਉਸਦਾ ਭਰਾ ਵੀ ਖੜਾ ਸੀ । ਘਰ ਆਉਂਦਿਆਂ ਈ ਉਹ ਗਰਜਿਆ

> ਸੀ, ''ਏਹ ਲਤਾ ਮੰਗੇਸ਼ ਕੌਰ ... ।'' ... ''ਗਲ ਵੱਢ ਕੇ ਬੰਬੇ ਨੂੰ ਪਾਰਸਲ ਕਰਦੂੰ, ਜੇ ਅਜ ਤੋਂ ਬਾਅਦ ਤੇਰੇ ਮੂੰਹੋਂ ...।''
>
> ''ਵੇ ਹੋਇਆ ਕੀ ਐ ... ?'' ਮਾਂ ਬਾਹਲੀ ਡਰ ਗਈ ਸੀ ।
>
> ''ਇਹਨੂੰ ਪੁੱਛ ਵੱਡੀ ਕਲਾਕਾਰ ਨੂੰ, ਮੈਥੋਂ ਨਈਂ ਲੋਕਾਂ ਦੀਆਂ ਗੱਲਾਂ ਸੁਣੀਆਂ ਜਾਂਦੀਆਂ ...।'' ... ਪਿਓ ਨੂੰ ਉਸ ਨੇ ਕੀ ਕਿਹਾ, ਪਤਾ ਨਹੀਂ । ਪਰ ਪਿਓ ਨੇ ਆਉਂਦਿਆਂ ਹੀ ਮਾਂ ਨਾਲ ਕੁੱਤੇ ਖਾਣੀ ਕੀਤੀ ਸੀ। ਦੂਜੇ ਦਿਨ ਮਾਂ ਨੇ ਰੋਂਦੀ ਰੋਂਦੀ ਨੇ ਹੀ ਕਾਲਜ ਜਾਣ ਤੋਂ ਡੱਕ ਦਿੱਤਾ ਸੀ।[20]

ਸਿਮਰਨ ਨੂੰ ਗੀਤ ਗਾਉਣ ਤੋਂ ਹਟਾਉਣ ਲਈ ਵਰਤੇ ਉਪਰੋਕਤ ਮੋਟਿਫ਼ ਜਿਥੇ ਸਿਮਰਨ ਦੀ ਮਾਂ ਵਲੋਂ ਸਿਮਰਨ ਨੂੰ ਗਾਉਣ ਤੋਂ ਰੋਕਣ ਦੇ ਕਾਰਨਾਂ ਨੂੰ ਵਿਗੋਪਤ ਕਰਦੇ ਹਨ ਉਥੇ ਗਾਲਪਨਿਕ ਮੋਟਿਫ਼ ਦੇ ਤੌਰ ਤੇ ਕਈ ਰੀਮਕ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦੇ ਹਨ ।

- ਹੋ ਸਕਦਾ ਹੈ ਕਿ ਸਿਮਰਨ ਗਾਉਣ ਤੋਂ ਨਾ ਰੁਕੇ ।
- ਇਹ ਵੀ ਹੋ ਸਕਦਾ ਹੈ ਕਿ ਉਹ ਕੋਈ ਵੱਡੀ ਕਲਾਕਾਰ ਬਣ ਜਾਵੇ ।
- ਇੱਕ ਸੰਭਾਵਨਾ ਰਲੀ ਮਿਲੀ ਇਹ ਵੀ ਬਣਦੀ ਹੈ ਕਿ ਸਿਮਰਨ ਆਪਣੀ ਮਾਂ ਦੇ ਆਖੇ ਲੱਗ ਗਾਉਣੋਂ ਵੀ ਹਟ ਜਾਵੇ ਅਤੇ ਕਾਲਜ ਜਾਣੋ ਵੀ ਹਟ ਜਾਵੇ ।

ਇਹ ਸਾਰੀਆਂ ਸੰਭਾਵਨਾਵਾਂ ਪਾਠਕ ਦੇ ਮਨ ਅੰਦਰ ਘੁੰਮ ਰਹੀਆਂ ਹਨ । ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਤੀਜੀ ਰੀਮਕ ਸੰਭਾਵਨਾ ਨਾਲ ਸੰਬੰਧਿਤ ਰੀਮ ਨੂੰ ਚੁਣ ਲੈਂਦਾ ਹੈ । ਜਿਸ ਨੂੰ ਆਧਾਰ ਬਣਾਕੇ ਉਹ ਅਗਲੇ ਮੋਟਿਫ਼ ਦੀ ਰਚਨਾ ਕਰਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ਸਿਮਰਨ ਰੁੱਕ ਗਈ ਸੀ । ਜ਼ਿੱਦ ਨਹੀਂ ਸੀ ਕੀਤੀ । ਮੇਘਨਾ ਆਈ ਸੀ, ਪਤਾ ਲੈਣ ਤਾਂ ਸਿਮਰਨ ਨੇ ਬਿਨਾ ਲੁਕਾਅ ਤੋਂ ਦੱਸ ਦਿੱਤਾ ਸੀ ਕਿ ਉਹ ਅੱਜ ਤੋਂ ਬਾਅਦ ਕਾਲਜ ਨਹੀਂ ਜਾਵੇਗੀ ।
>
> ''ਪਰ ਤੇਰੀ ਐਮ.ਏ. ...।''
>
> ''ਖਸਮਾਂ ਨੂੰ ਖਾਂਦੀ ਐਮ.ਏ. ਮੈਂ ਮਾਂ ਨੂੰ ਰੋਂਦੀ ਨਹੀਂ ਵੇਖ ਸਕਦੀ ...।''...
>
> ਉਹ ਗੁਆਚੀ ਜਿਹੀ ਬੋਲੀ ਸੀ ਤੇ ਕੋਈ ਦਰਦ ਉਹਦੇ ਹੋਂਠਾਂ ਤੇ ਆ ਗਿਆ ਸੀ । ਓਦਣ ਪਹਿਲੇ ਦਿਨ ਮਾਂ ਨੇ ਗਾਉਣ ਤੋਂ ਵਰਜਿਆ ਸੀ।[21]

ਮੇਘਨਾ ਅਤੇ ਸਿਮਰਨ ਦੀ ਆਪਸੀ ਵਾਰਤਾਲਾਪ ਨਾਲ ਸੰਬੰਧਿਤ ਉਪਰੋਕਤ ਮੋਟਿਫ਼ ਜਿਥੇ ਕਹਾਣੀਕਾਰ ਦੀ ਚੁਣੀ ਹੋਈ ਰੀਮ ਦੀ ਗਵਾਹੀ ਭਰਦੇ ਹਨ । ਉਥੇ ਕਹਾਣੀ ਨੂੰ ਗਤੀਸ਼ੀਲ ਵੀ ਬਣਾਈ ਰੱਖਦੇ ਹਨ ।

ਇਸ ਤੋਂ ਅਗਾਂਹ ਕਹਾਣੀਕਾਰ ਨੇ ਕਹਾਣੀ ਬਿਰਤਾਂਤ ਨੂੰ ਥੋੜ੍ਹਾ ਠਰ੍ਹੰਮਾ ਦੇਣ ਲਈ, ਪਿੱਛਲਝਾਤ ਦੀ ਜੁਗਤ ਰਾਹੀਂ, ਵਰਤਮਾਨ ਤੋਂ ਅਤੀਤ ਵੱਲ ਕਹਾਣੀ ਨੂੰ ਤੋਰਿਆ ਹੈ ।

> ਉਹ ਕੁਝ ਗੁਨਗੁਨਾਉਣ ਲੱਗੀ ਹੈ ਪਰ ਜੀਭ ਦੰਦਾਂ ਥੱਲੇ ਆ ਗਈ ਹੈ । ਝੁੰਜਲਾ ਕਿ ਉਸ ਨੇ ਪੈਗ ਬਣਾ ਲਿਆ ਹੈ ।
>
> ਜਦੋਂ ਉਹ ਵੱਡੀ ਹੋ ਰਹੀ ਸੀ ਓਦੋਂ ਦਾਦੇ ਅਤੇ ਪਿਓ ਦੇ ਚੰਗੇ ਮੰਦੇ ਬੋਲਾਂ ਮੂਹਰੇ ਦਾਦੀ ਅਤੇ ਮਾਂ ਨੂੰ ਚੁੱਪ ਵੇਖਕੇ ਸੋਚਿਆ ਕਰਦੀ ਸੀ ਕਿ ਔਰਤਾਂ ਦੇ ਕੰਨ ਹੁੰਦੇ ਹਨ ਤੇ ਮਰਦਾਂ ਦੀ ਜ਼ੁਬਾਨ ... । ਤਾਂ ਹੀ ਹੁਣ ਆਪਣੇ ਘਰ ਵਿੱਚ ਕਿਸੇ ਮਰਦ ਦੇ ਬੋਲ ਨਹੀਂ ਸੁਣ ਸਕਦੀ । ਉਹ ਬੋਲ ਤਾਂ ਉਕਾ ਹੀ ਨਹੀਂ ਜਿਹੜਾ ਉਸਦਾ ਨਾਨਾ, ਦਾਦਾ, ਪਿਓ ਬੋਲਿਆ ਕਰਦਾ ਸੀ ।[22]

ਅਤੀਤ ਕਾਲਕ ਤੇ ਵਰਤਮਾਨ ਵੇਰਵਿਆਂ ਨੂੰ ਇਕੋ ਸਮੇਂ ਪੇਸ਼ ਕਰਦੇ ਇਸ ਤਰ੍ਹਾਂ ਦੇ ਕਲਾਤਮਕ ਮੋਟਿਫ਼ ਸਿਰਜ ਕੇ ਕਹਾਣੀਕਾਰ ਪਾਠਕ ਨੂੰ ਕਹਾਣੀ ਬਿਰਤਾਂਤ ਨਾਲ ਜੋੜੀ ਰੱਖਦਾ ਹੈ । ਪਾਠਕ ਸਿਮਰਨ ਦੇ ਅਤੀਤ ਅਤੇ ਵਰਤਮਾਨ ਵਿੱਚ ਵਿਚਰਦਾ ਹੋਇਆ ਕਹਾਣੀ ਨੂੰ ਪੜ੍ਹਦਾ ਰਹਿੰਦਾ ਹੈ । ਇਸ ਤੋਂ ਅਗਾਂਹ ਪਿੱਛਲਝਾਤ ਦੀ ਜੁਗਤ ਵਜੋਂ ਪੇਸ਼ ਹੋਏ ਮੋਟਿਫ਼ ਹਨ –

> 'ਉਹਨੀਂ ਦਿਨੀ' ਮੇਘਨਾ ਦਾ ਬੜਾ ਸਹਾਰਾ ਸੀ । ਮੇਘਨਾ ... ਪ੍ਰੋ. ਵਿਕਾਸ ਨੂੰ ਵੀ ਮਿਲਾ ਦਿੰਦੀ । ... ਉਹਨਾਂ ਦੀਆਂ ਕਿੰਨੀਆਂ ਹੀ ਦੁਪਹਿਰਾਂ ਮੇਘਨਾ ਦੇ ਘਰ ਲੰਘਦੀਆਂ । ਇਕ ਵਾਰੀ ਉਹ ਘਰ ਵੀ ਆਇਆ ਸੀ । ਪਿਓ ਤੇ ਭਰਾ ਤੋਂ ਪਿਛੋਂ ... । ਅਜਿਹੇ ਇਕ ਮੌਕੇ ਪ੍ਰੋ. ਨੇ ਸਿਮਰਨ ਦੀ ਬਾਂਹ ਫੜਕੇ ਨਾਲ ਬਿਠਾ ਲਿਆ । ਇੰਜ ਹੱਕ ਨਾਲ ਕੋਲ ਬਿਠਾਉਣਾ, ਉਹਨੂੰ ਬੜਾ ਚੰਗਾ ਲੱਗਿਆ । ਉਸ ਨੇ ਬੇਝਿਜਕ ਕਿਹਾ, ''ਮੈਨੂੰ ਲੈ ਚੱਲ ਵਿਕਾਸ ... ਆਪਣੇ ਨਾਲ ਕਿਤੇ ਦੂਰ ਲੈ ਚੱਲ ...।''[23]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਬੱਝੇ ਮੋਟਿਫ਼ ਜਿਥੇ ਸਿਮਰਨ ਅਤੇ ਪ੍ਰੋ: ਵਿਕਾਸ ਦੇ ਆਪਸੀ ਪਿਆਰ ਨੂੰ ਸਪੱਸ਼ਟ ਕਰਦੇ ਹਨ ਉਥੇ ਇਨ੍ਹਾਂ ਮੋਟਿਫ਼ਾਂ ਵਿੱਚੋਂ ਕਈ ਰੀਮਾਂ ਦੇ ਨਿਕਲਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ ।

- ਇਹ ਵੀ ਹੋ ਸਕਦਾ ਹੈ ਕਿ ਪ੍ਰੋ. ਵਿਕਾਸ ਸਿਮਰਨ ਨੂੰ ਲੈ ਕੇ ਦੂਰ ਭੱਜ ਜਾਵੇ,
- ਇਹ ਵੀ ਹੋ ਸਕਦਾ ਹੈ ਕਿ ਉਹ ਸਿਮਰਨ ਨਾਲ ਵਿਆਹ ਕਰ ਲਵੇ,
- ਇਹ ਵੀ ਹੋ ਸਕਦਾ ਹੈ ਕਿ ਉਹ ਸਿਮਰਨ ਨਾਲ ਵਿਆਹ ਵੀ ਨਾ ਕਰਵਾਏ ਅਤੇ ਉਸਨੂੰ ਦੂਰ ਭਜਾ ਕੇ ਵੀ ਨਾ ਲਿਜਾਵੇ,

ਇਹ ਸਾਰੀਆਂ ਸੰਭਾਵਨਾਵਾਂ ਪਾਠਕ ਦੇ ਮਨ ਅੰਦਰ ਘੁੰਮ ਰਹੀਆਂ ਹਨ । ਪਰ ਕਹਾਣੀਕਾਰ ਸਿਮਰਨ ਦੇ ਮਨ ਦੀਆਂ ਮਾਨਸਿਕ ਪਰਤਾਂ ਨੂੰ ਫਰੋਲਣ ਲਈ ਅੰਤਮ ਰੀਮ ਨੂੰ ਚੁਣ ਕੇ ਕਹਾਣੀ ਬਿਰਤਾਂਤ ਨੂੰ ਜਾਰੀ ਰੱਖਦਾ ਹੈ । ਇਹ ਅੰਤਿਮ ਰੀਮ ਅਗਲੇ ਮੋਟਿਫ਼ਾਂ ਲਈ ਥੀਮ ਬਣ ਕੇ ਅੱਗੇ ਚੱਲ ਪੈਂਦੀ ਹੈ । ਜਿਵੇਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ :

> ਪਰ ਪ੍ਰੋ. ਸਮਝਾਉਣੀਆਂ 'ਤੇ ਉਤਰ ਆਇਆ, ''ਲਿਸਨ ... । ਆਈ ਸੇ ... । ਇੱਜ਼ਤ ... । ਸਰਵਿਸ ... । ਦੇਖ ਹੌਲੀ ਹੌਲੀ ਸਭ ਠੀਕ ਹੋ ਜਾਏਗਾ ... ਸਿਆਣੀ ਬਣ ... ਮੈਂ ਠੀਕ ਕਰਾਂਗਾ ਸਭ ਕੁਝ ... ਹੈਂ, ਓ.ਕੇ ...।'' ਤੇ ਉਹ ਬਿਨਾਂ ਕੁਝ ਖਾਧੇ ਪੀਤੇ ਉਹਦੀ ਗੱਲ ਥਪਥਪਾ ਕੇ ਛੇਤੀ ਛੇਤੀ ਤੁਰ ਗਿਆ ਸੀ ।[24]

ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਅਤੇ ਸਿਮਰਨ ਦੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਪੇਸ਼ ਕਰਨ ਲਈ ਚੱਲ ਰਹੀ ਕਹਾਣੀ ਦੇ ਬਿਰਤਾਂਤ ਨੂੰ ਉਲਟਾਉਣ ਅਤੇ ਸਥਿਤੀ ਨੂੰ ਬਦਲਣ ਲਈ ਅਤੀਤ ਅਤੇ ਵਰਤਮਾਨ ਦੇ ਮੋਟਿਫ਼ਾਂ ਨੂੰ ਇਕੋ ਸਮੇਂ ਪੇਸ਼ ਕਰਦਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਡਮਰੂ ਚੱਕਰ ਲਾਉਣ ਆਇਆ ਹੈ, ਝੁਕਿਆ ਹੈ ... । ਹੁਕਮ ਦਾ ਕੋਈ ਇਸ਼ਾਰਾ ਨਹੀਂ ... । ... ਸਿਮਰਨ ਨੇ ਨਵੀਂ ਸਿਗਰਟ ਬਾਲੀ ਹੈ, ਤਾਂ ਬੀਤੇ ਦਾ ਨਵਾਂ ਚੇਪਟਰ ਅੱਖਾਂ ਮੂਹਰੇ ਆ ਗਿਆ ਹੈ ... ਉਹ ਨਵਾਂ ਬੰਦਾ ਸੀ ਜੋ ਭਰਾ ਨਾਲ ਘਰ ਆਇਆ ਸੀ । ... ਗੱਲਾਂ ਚੋਂ ਪਤਾ ਲੱਗਾ ਸੀ ਕਿ ਉਹ ਕਾਫੀ ਸਮੇਂ ਤੋਂ ਏਥੇ ਹੀ ਬੈਂਕ ਮੈਨੇਜਰ ਹੈ, ਹੁਣ ਉਸਦੀ ਬਦਲੀ ਪੰਜਾਬ ਤੋਂ ਬਾਹਰ ਹੋਣ ਵਾਲੀ ਹੈ ... । ਉਹ ਬਾਰ ਬਾਰ ਭਰਾ ਨੂੰ ਕਹਿ ਰਿਹਾ ਸੀ, ''ਸੇਵਾ ਦੱਸ ਛੋਟੇ ਭਾਈ ... ਕੋਈ ਸੇਵਾ ... । ਕੇਹਾਂ ਪੁਰਖ ਤਾਂ ਸਹੀ ... ਕੀ ਪੁਰਜੀਆਂ ਜਿਹੀਆਂ ਬਣਾਈਆਂ ਜਾਨੈ ... ਹੱਥ ਮਿਲਾ ਕੇਰਾਂ ... ਕਰੋੜਾਂ 'ਚ ਖੇਡਣ ਲਾਦੂੰ ... ਡੀਅਰ ਕਰੋੜਾਂ 'ਚ ...।'' ਸਿਮਰਨ ਨੂੰ ਲੱਗਿਆ, ਜਿਵੇਂ ਉਹ ਉਹਨੂੰ ਸੁਣਾ ਰਿਹਾ ਹੋਵੇ ।[25]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਉਪਰੋਕਤ 'ਬੱਝੇ ਮੋਟਿਫ਼' ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਗਤੀਸ਼ੀਲ ਮੋਟਿਫ਼ਾਂ ਦੇ ਵਿਕਾਸ ਹਿੱਤ ਵਰਤੇ ਗਏ ਹਨ ਜੋ ਕਹਾਣੀ ਵਿੱਚ ਅਗਾਂਹ ਵਾਪਰਨ ਵਾਲੇ ਮੋਟਿਫ਼ਾਂ ਵੱਲ ਇਸ਼ਾਰਾ ਕਰਦੇ ਹੋਏ ਵਿਕਾਸ ਕਰਦੇ ਹਨ ਜਿਵੇਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਉਹਦੇ ਜਾਣ ਪਿੱਛੋਂ ਘਰ ਵਿੱਚ ਉਹਦੀਆਂ ਹੀ ਗੱਲਾਂ ਹੁੰਦੀਆਂ ਰਹੀਆਂ ਸਨ, ... ਤੇ ਸਿਮਰਨ ਦੀ ਛੇਵੀਂ ਇੰਦਰੀ ਕਹਿ ਰਹੀ ਸੀ, ''ਸਿਮਰਨ ਬੱਚੀਏ ... ਹੋਵੇ ਨਾ ਹੋਵੇ ਤੇਰਾ ਪਾਣੀ ਇਹਨਾਂ ਪੁਲਾਂ ਹੇਠੋਂ ਲੰਘੂ ... ।''

ਉਹੀ ਗੱਲ ਹੋਈ ਸੀ ... ਮਿਸਟਰ ਮੈਨੇਜਰ ਜੋ ਸਿਮਰਨ ਤੋਂ ਡੇਢੀ ਉਮਰ ਦਾ ਸੀ । ਬੱਚਾ ਨਾ ਹੋਣ ਕਰਕੇ ਪਹਿਲੀ ਪਤਨੀ ਤੋਂ ਤਲਾਕ ਲੈ ਚੁੱਕਾ ਸੀ।

ਉਸ ਨਾਲ ਵਿਆਹ ਦੀ ਗੱਲ ਤੁਰ ਪਈ ਸੀ ਤੇ ਸਿਮਰਨ ਚੁੱਪ ਸੀ । ਨਾ ਹਾਂ, ਨਾ ਨਾਂਹ ... ।[26]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਬੱਝੇ ਮੋਟਿਫ਼ ਕਹਾਣੀ ਦੀ ਤੋਰ ਅਤੇ ਤਰੀਕੇ ਨੂੰ ਨਿਰਧਾਰਿਤ ਕਰਦੇ ਹੋਏ ਸਿਮਰਨ ਦੀ ਉਦਾਸ ਮਾਨਸਿਕਤਾ ਦੇ ਕੁਝ ਕੁ ਕਾਰਨਾਂ ਨੂੰ ਵਿਗੋਪਤ ਕਰਦੇ ਹਨ । ਸਿਮਰਨ ਦੀ ਉਦਾਸ ਮਾਨਸਿਕਤਾ ਬਾਰੇ ਜਾਣਕਾਰੀ ਸਾਨੂੰ ਹੌਲੀ ਹੌਲੀ, ਬਿਖਰੀਆਂ ਟੁਕੜੀਆਂ ਵਿੱਚ 'ਵਿਲੰਬਤ ਵਿਗੋਪਨ' ਵਜੋਂ ਮਿਲ ਰਹੀ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

- ਮੇਘਨਾ ਵਲੋਂ ਸਿਮਰਨ ਨੂੰ ਮਿਸਟਰ ਮੈਨੇਜਰ ਨਾਲ ਵਿਆਹ ਕਰਨ ਤੋਂ ਇਨਕਾਰ ਕਰਨ ਵਾਰੇ ਗੱਲਾਂ ਬਾਤਾਂ ਵਿੱਚ ਸਮਝਾਉਣਾ ਕਿ ''ਇਓਂ ਅੱਖਾਂ ਮੀਚਿਆਂ ਤਾਂ ਨਹੀਂ ਸਰਨਾ ... ''ਤੈਨੂੰ ਦਿਸ ਰਿਹੈ ਸਿਮਰਨ, ਸਾਹਮਣੇ ਖੂਹ ਐ, ਫਿਰ ਜਾਣ ਬੁਝ ਕੇ ...।'' ਮੇਘਨਾ ਫਿਕਰਮੰਦ ਸੀ ।[27]
- ਪ੍ਰੋ. ਵਿਕਾਸ ਵਲੋਂ ਸਿਮਰਨ ਨੂੰ ਮਿਸਟਰ ਮੈਨੇਜਰ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕਰਨ ਵਾਰੇ ਕਹਿਣਾ, ਅਤੇ ਆਪ ਦੋਚਿੱਤੀ ਵਿੱਚ ਪੈ ਜਾਣਾ, ਦੇ ਮੋਟਿਫ਼
- ਸਿਮਰਨ ਵਲੋਂ ਪ੍ਰੋ. ਵਿਕਾਸ ਨੂੰ ਵਿਆਹ ਦੀ ਸ਼ਾਪਿੰਗ ਕਰਨ ਲਈ ਬਾਜ਼ਾਰ ਵਿੱਚ ਜਾਣ ਬਾਰੇ ਕਹਿਣਾ,
- ਦੂਜੇ ਦਿਨ ਸਿਮਰਨ ਵਲੋਂ ਪ੍ਰੋ. ਵਿਕਾਸ ਨਾਲ ਬਾਜ਼ਾਰ ਵਿਚ ਵਿਆਹ ਦੀ ਸ਼ਾਪਿੰਗ ਕਰਨਾ, ਖ਼ਰਮਸਤੀ ਕਰਨਾ, ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਖਾਣ, ਦੇ ਮੋਟਿਫ਼,
- ਸਿਮਰਨ ਦੀਆਂ ਬਾਜ਼ਾਰ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਹਰਕਤਾਂ ਦੇਖ ਕੇ ਪ੍ਰੋ. ਵਿਕਾਸ ਵਲੋਂ ਮਨੋਵਿਗਿਆਨਕ ਲੀਹਾਂ ਤੇ ਚੱਲਦਿਆਂ ਸਿਮਰਨ ਨੂੰ ਸਮਝਾਉਣ ਦੇ ਮੋਟਿਫ਼ ਕਿ, ''ਦੇਖ ਸਿਮਰਨ, ਮੌਤ ਕਿਸੇ ਚੀਜ਼ ਦਾ ਹੱਲ ਨਹੀਂ ... । ਖੁਦਕਸ਼ੀ ਬੁਜ਼ਦਿਲ ਕਰਦੈ ਐ ...।''[28]
- ਸਿਮਰਨ ਵਲੋਂ ਪ੍ਰੋ. ਵਿਕਾਸ ਦੀ ਗੱਲ ਕੱਟਣ ਦੇ ਮੋਟਿਫ਼ ਕਿ, ''ਕੁਝ ਸੂਟ ਇੱਥੇ ਸੀਣੇ ਦੇ ਦਈਏ ... ਉਹ ਲੈਣ ਦੇ ਬਹਾਨੇ ਦੋ ਦਿਨ ਬਾਅਦ ਫਿਰ ਆਜਾਂਗੇ ...।''[29]
- ਦੋ ਦਿਨਾਂ ਬਾਅਦ ਸਿਮਰਨ ਵਲੋਂ ਆਪਣੀ ਮਾਂ ਨੂੰ ਧੱਕੇ ਨਾਲ ਬਾਜ਼ਾਰ ਵਿੱਚ ਲੈ ਕੇ ਆਉਣਾ, ਮਾਂ ਨੂੰ ਕਿਸੇ ਗੁਰਦੁਆਰੇ ਵਿੱਚ ਕੀਰਤਨ ਸੁਣਨ ਲਈ ਕਹਿਣਾ ਅਤੇ ਆਪ ਫਿਲਮ ਦੇਖਣ ਦਾ ਬਹਾਨਾ ਲਾ ਕੇ ਪ੍ਰੋ. ਵਿਕਾਸ ਨਾਲ ਹੋਟਲ ਵਿੱਚ ਚਲੇ ਜਾਣਾ ।

- 'ਮੌਕਾ-ਮੇਲ' ਦੀ ਜੁਗਤ ਵਜੋਂ ਮਿਸਟਰ ਮੈਨੇਜਰ ਦਾ ਉਸ ਹੋਟਲ ਵਿੱਚ ਆਉਣਾ, ਪ੍ਰੋ. ਵਿਕਾਸ ਵਲੋਂ ਮਿਸਟਰ ਮੈਨੇਜਰ ਨੂੰ ਹੋਟਲ ਵਿੱਚ ਦੇਖ ਕੇ ਘਬਰਾ ਜਾਣਾ,
- ਸਿਮਰਨ ਵਲੋਂ ਮਿਸਟਰ ਮੈਨੇਜਰ ਨੂੰ ਫਿਲਮ ਦੇਖਣ ਦੀ ਸਕੀਮ ਬਾਰੇ ਦੱਸਣਾ ਕਿ ਅਸੀਂ ਸਾਰਿਆਂ ਨੇ ਫਿਲਮ ਦੇਖਣੀ ਹੈ,
- ਪ੍ਰੋ. ਵਿਕਾਸ ਵਲੋਂ ਘਬਰਾਹਟ ਵਿੱਚ ਕਹਿਣਾ ਕਿ, ''ਠੀਕ ਐ ਤੁਸੀਂ ਫਿਲਮ ਦੇਖੋ ... ਮੈਂ ਚਲਦਾਂ ... ਸਟੂਡੈਂਟ ਤੇ ਟੀਚਰ ਦਾ ਬਾਪ ਬੇਟੀ ਵਾਲਾ ਰਿਸ਼ਤਾ ਹੁੰਦੈ ... ।''[30]
- ਇਹ ਸੁਣ ਕੇ ਸਿਮਰਨ ਵਲੋਂ ਹੋਟਲ ਵਿੱਚੋਂ ਭੱਜ ਕੇ ਆਟੋ ਰਾਹੀਂ ਗੁਰਦੁਆਰਾ ਦੁਖ ਨਿਵਾਰਨ ਵਿੱਚ ਪਹੁੰਚਣ ਦੇ ਮੋਟਿਫ਼ ।

ਸਿਮਰਨ ਦੀ ਜ਼ਿੰਦਗੀ ਵਿੱਚ ਵਾਪਰੇ ਅਤੀਤ ਕਾਲਕ ਵੇਰਵਿਆਂ ਨੂੰ 'ਸੰਵਾਦੀ ਜੁਗਤ' ਰਾਹੀਂ ਪੇਸ਼ ਕਰਦੇ ਉਪਰੋਕਤ ਗਤੀਸ਼ੀਲ ਮੋਟਿਫ਼ ਕਹਾਣੀ ਬਿਰਤਾਂਤ ਦੀ ਦਿਸ਼ਾ ਨਿਰਧਾਰਿਤ ਕਰਦੇ ਹੋਏ ਬੱਝੇ ਮੋਟਿਫ਼ਾਂ ਨੂੰ ਖੋਹਲਣ ਲਈ ਵਿਕਾਸ ਕਰਦੇ ਹਨ । ਇਸ ਤੋਂ ਅੱਗੇ ਪੇਸ਼ ਹੋਏ ਮੋਟਿਫ਼ ਹਨ :

- ਵਿਆਹ ਤੋਂ ਕੁਝ ਦਿਨ ਪਹਿਲਾਂ ਜਦੋਂ ਮਿਸਟਰ ਮੈਨੇਜਰ ਨੇ ਸਿਮਰਨ ਦੇ ਪਸੰਦ ਦੀਆਂ ਚੀਜ਼ਾਂ ਖਰੀਦਣ ਲਈ ਫੋਨ ਕੀਤਾ ਸੀ, ਤਾਂ ਸਿਮਰਨ ਨੇ ਗੁੱਸੇ ਨਾਲ ਕਹਿ ਦਿੱਤਾ ਸੀ, ''ਇਹ ਸਭ ਕੁਝ ਧਰਿਆ ਧਰਾਇਆ ਰਹਿ ਜਾਣੈ ਮਿਸਟਰ ਮੈਨੇਜਰ, ਤੁਸੀਂ ਮੇਰਾ ਯਕੀਨ ਕਰੋ, ਮੈਨੂੰ ਪਾ ਨਹੀਂ ਸਕੋਗੇ ... ।''[31]
- ... ਮੈਂ ਤੈਨੂੰ ਹਰ ਤਰ੍ਹਾਂ ਨਾਲ ਸੁਖੀ ਰੱਖਾਂਗਾ ਸਿਮਰਨ ...।'' ਉਹ ਆਵਾਜ਼ ਵਿੱਚ ਆਜਜ਼ੀ ਲਿਆ ਰਿਹਾ ਸੀ, ਪਰ ਸਿਮਰਨ ਨੇ ਉਸਦਾ ਖਚਰਾਪਣ ਫੜ ਲਿਆ ਸੀ ... । ... ਸਿਮਰਨ ਨੂੰ ਉਸਦੀ ਆਵਾਜ਼ ਨਾਲ ਇਹ ਸੁਣਦਾ ਸੀ ਕਿ ਤੂੰ ਇਕ ਵਾਰੀ ਮੇਰੇ ਕਾਬੂ ਆ ਜਾ, ਦੇਖੀਂ ਫੇਰ ... ।[32]
- ''ਦੇਖੋ ਤੁਸੀਂ ਸਮਝਦੇ ਨਹੀਂ ਮੇਰੀ ਪਸੰਦ ਹੋਰ ਹੈ ... ਤੁਸੀਂ ਮੇਰਾ ਖਿਆਲ ਛੱਡ ਦਿਓ ਪਲੀਜ਼ ... ।'' ਪਰ ਅਗੋਂ ਉਹ ਬੋਲਿਆ, ''ਇਹ ਮੇਰਾ ਨਹੀਂ, ਤੁਹਾਡੇ ਘਰਦਿਆਂ ਦਾ ਫੈਸਲਾ ਹੈ, ਮੈਂ ਤਾਂ ਹੁਣ ਵਿਆਹ ਕਰਵਾਉਂਦਾ ਹੀ ਨਹੀਂ ਸੀ ... ਪਰ ਮੈਂ ਬਾਪੂ ਜੀ ਤੇ ਬੀਜੀ ਨੂੰ ਜੁਆਬ ਨਹੀਂ ਦੇ ਸਕਦਾ ... ।'' ਪਰ ਸਿਮਰਨ ਨੂੰ ਇਹ ਸੁਣਿਆ ਸੀ, ''ਤੇਰੇ ਵਰਗੀ ਚੀਜ਼ ਨੂੰ ਮੈਂ ਕਿਸ ਤਰ੍ਹਾਂ ਛੱਡ ਸਕਦਾ ਹਾਂ ... ?[33]
- ''ਤੁਸੀਂ ਮੈਨੂੰ ਕਿਸੇ ਵੀ ਤਰ੍ਹਾਂ ਪਾ ਨਹੀਂ ਸਕੋਗੇ ... ।'' ਸਿਮਰਨ ਨੇ ਹਲਕੀ ਜਿਹੀ ਧਮਕੀ ਦਿੱਤੀ ਸੀ,[34]

- ''ਕੀ ਖੋਣਾ ਤੇ ਕੀ ਪਾਉਣਾ ਸਿਮਰਨ ਸੀ, ਇਹ ਤਾਂ ਸਭ ਸੰਜੋਗਾਂ ਦੇ ਵੱਸ ਹੈ ... ਜਿਵੇਂ ਉਹ ਉਪਰ ਵਾਲਾ ਚਾਹੁੰਦੈ, ਓਵੇਂ ਹੋਈ ਜਾਂਦੇ ... ਅਸੀਂ ਕੌਣ ਆ ਭਲਾ ... ।'' ਸਿਮਰਨ ਨੂੰ ਇੰਜ ਸੁਣਿਆ ਸੀ ਕਿ ਜਿਸ ਚੀਜ਼ ਨੂੰ ਪਾਉਣ ਦਾ ਖਿਆਲ ਮੈਂ ਕਰ ਲੈਂਦਾ ਹਾਂ, ਉਸ ਨੂੰ ਪਾ ਕੇ ਹੀ ਰਹਿੰਦਾ ਹਾਂ ।[35]
- ਸਿਮਰਨ ਨੇ ਬਿਨਾ ਕੁਝ ਕਹੇ ਫੋਨ ਕੱਟ ਦਿੱਤਾ । ਘੰਟੀ ਫੇਰ ਵੱਜੀ, ਉਹੀ ਸੀ, [36]
- ''ਨਾ ਸਿਮਰਨ ਫੋਨ ਨਾ ਰੱਖਣਾ, ਮੇਰੀ ਗੱਲ ਸੁਣ ਲੈ ਪਲੀਜ਼ ... ਇਸ ਨੂੰ ਧਮਕੀ ਨਾ ਸਮਝਣਾ, ਮੈਂ ਪ੍ਰੋ. ਵਾਲੀ ਗੱਲ ਬਾਪੂ ਜੀ ਹੋਰਾਂ ਨੂੰ ਦੱਸ ਸਕਦਾ ਹਾਂ ਪਰ ਮੈਂ ਦੱਸਾਂਗਾ ਨਹੀਂ ... ਨਾਲੇ ਅੱਜ ਕੱਲ ਵਿਆਹ ਤੋਂ ਪਹਿਲੇ ਸੰਬੰਧਾਂ ਬਾਰੇ ਕੌਣ 'ਕੇਅਰ' ਕਰਦੈ ... ਸੋ ਤੁਸੀਂ ਹੁਣ ... ।'' ਸਿਮਰਨ ਨੇ ਫੋਨ ਰੱਖ ਕੇ ਸਿਰ ਫੜ ਲਿਆ ਸੀ ।[37]

ਰਚਨਾਤਮਕ ਲੋੜ ਦੀ ਪੂਰਤੀ ਹਿਤ ਵਰਤੀ ਗਈ 'ਸੰਵਾਦੀ ਜੁਗਤ' ਦੇ ਉਪਰੋਕਤ ਗਤੀਸ਼ੀਲ ਮੋਟਿਫ਼ਾਂ ਵਿੱਚ ਇਨਕਾਰ ਦਾ ਥੀਮ ਪਿਆ ਹੋਇਆ ਹੈ । ਜੋ ਇਹ ਪ੍ਰਭਾਵ ਸਪੱਸ਼ਟ ਕਰਦਾ ਹੈ ਕਿ ਸਿਮਰਨ ਸਮਕਾਲੀ ਦੌਰ ਦੀ ਪੜ੍ਹੀ ਲਿਖੀ ਔਰਤ ਹੈ ਉਹ ਜਾਣਦੀ ਹੈ ਕਿ ਔਰਤ ਨੂੰ ਆਪਣੀ ਰੂਹ ਦੀ ਤ੍ਰਿਪਤੀ ਲਈ ਬੋਲਣਾ ਅਤੀ ਜ਼ਰੂਰੀ ਹੈ । ਸਮਕਾਲੀ ਦੌਰ ਵਿੱਚ ਵਿਚਰਦੇ ਹੋਏ ਸਿਮਰਨ 'ਚ ਜਾਗੇ ਅਤ੍ਰਿਪਤ ਵਲਵਲੇ ਮਰਦ ਪ੍ਰਧਾਨ ਸਮਾਜ ਦੀਆਂ ਸਭਿਆਚਾਰਕ ਮਨਾਹੀਆਂ ਵਿਰੁੱਧ ਆਵਾਜ਼ ਬੁਲੰਦ ਕਰਨ ਤਿਆਰ ਹਨ । ਇਸੇ ਲਈ ਉਹ ਆਪਣੇ ਨਾਲ ਹੋ ਰਹੀ ਵਧੀਕੀ ਵਿਰੁੱਧ ਬੋਲਦੀ ਹੋਈ ਆਪਣੇ ਹਾਣ ਦਾ ਵਰ ਲੋਚਦੀ ਹੈ । ਉਪਰੋਕਤ ਮੋਟਿਫ਼ਾਂ ਨੂੰ ਅਸੀਂ '**ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ**' ਦੇ ਤੌਰ ਉੱਤੇ ਵੀ ਵਿਚਾਰ ਸਕਦੇ ਹਾਂ । ਜਦੋਂ ਵਾਕਾਂ ਵਿੱਚ ਮੋਟਿਫ਼ਾਂ ਦੀ ਪ੍ਰਕਿਰਤੀ ਵਿਰੋਧ ਵਾਲੀ ਹੋਵੇ ਤਾਂ ਉਹਨਾਂ 'ਮੋਟਿਫ਼ਾਂ' ਨੂੰ ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ ਮੰਨਿਆ ਜਾ ਸਕਦਾ ਹੈ ।[38] ਉਪਰੋਕਤ ਮੋਟਿਫ਼ਾਂ ਵਿੱਚ ਭਰਜੋਬਨ ਸਿਮਰਨ ਦਾ ਵਿਆਹ ਵੱਡੀ ਉਮਰ ਦੇ ਮਿਸਟਰ ਮੈਨੇਜਰ ਨਾਲ ਹੋਣ ਜਾ ਰਿਹਾ ਹੈ । ਇਸੇ ਲਈ ਉਹ ਉਸਦਾ ਵਿਰੋਧ ਕਰਦੀ ਹੋਈ ਉਸ ਨਾਲ ਵਿਆਹ ਕਰਨ ਤੋਂ ਇੰਨਕਾਰ ਕਰਦੀ ਹੈ । ਪਰ ਮਿਸਟਰ ਮੈਨੇਜਰ ਸਿਮਰਨ ਨਾਲ ਵਿਆਹ ਕਰਨ ਲਈ ਉਸਨੂੰ ਮਿੱਠੀਆਂ ਗੱਲਾਂ ਵਿੱਚ ਭਰਮਾ ਕੇ ਆਪਣੀ ਇੱਛਾ ਪੂਰੀ ਕਰਨੀ ਚਾਹੁੰਦਾ ਹੈ । ਸਿਮਰਨ ਅਤੇ ਮਿਸਟਰ ਮੈਨੇਜਰ ਦੇ ਆਪਸੀ ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ ਵਿੱਚ ਵਿਰੋਧ ਹੋਣ ਕਰਕੇ ਹੀ ਵਾਰਤਾ ਅਗਾਂਹ ਤੁਰਦੀ ਹੈ ਅਤੇ ਕਹਾਣੀ ਵਿੱਚ ਗਤੀ ਆਉਂਦੀ ਹੈ। ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

ਉਦੋਂ ਮੇਘਨਾ ਨੇ ਸੰਭਾਲਿਆ ਸੀ ਉਸਨੂੰ ... ਉਸ ਨੇ ਭਰੇ ਮਨ ਨਾਲ ਹੀ ਕਿਹਾ ਸੀ, ''ਮੇਘਨਾ ਸੈਕਿੰਡ ਹੈਂਡ ਤਾਂ ਮੈਂ ਕਿਤਾਬ ਨਹੀਂ ਸੀ ਪੜ੍ਹਦੀ ।'' ''ਓ ... ਨੇ ... ।''[39]

ਉਪਰੋਕਤ ਮੋਟਿਫ਼ਾਂ ਵਿੱਚ ਸਿਮਰਨ ਦੇ ਸੈਕਿੰਡ ਹੈਂਡ ਚੀਜ਼ ਨਾ ਵਰਤਣ ਦੇ ਕਾਰਨਾਂ ਨਾਲ ਸੰਬੰਧਿਤ ਵਿਗੋਪਨ ਨੂੰ ਪੇਸ਼ ਕਰ ਦਿੱਤਾ ਹੈ ਕਿ ਉਹ ਪਹਿਲਾਂ ਵਿਆਹੇ ਹੋਏ ਮਿਸਟਰ ਮੈਨੇਜਰ ਨੂੰ ਪਸੰਦ ਨਹੀਂ ਕਰਦੀ । ਇਸ ਤੋਂ ਅਗਾਂਹ ਪੇਸ਼ ਹੋਏ ਗਤੀਹੀਨ ਮੋਟਿਫ਼ ਸਿਮਰਨ ਅਤੇ ਮੇਘਨਾ ਦੇ ਅਵਚੇਤਨ ਨੂੰ ਉਜਾਗਰ ਕਰਦੇ ਹਨ । ਕਹਾਣੀਕਾਰ ਸਿਮਰਨ ਅਤੇ ਮੇਘਨਾ ਦੀ ਆਪਣੀ ਵਾਰਤਾਲਾਪ ਦੇ 'ਗਤੀਹੀਨ ਮੋਟਿਫ਼' ਤਹਿਤ ਸਮਕਾਲੀ ਦੌਰ ਦੀ ਔਰਤ ਦੇ ਕਈ ਸ਼ੇਡ ਉਭਾਰਦਾ ਹੋਇਆ ਬੜੀ ਬਾਰੀਕ ਬੀਨੀ ਨਾਲ ਇਹ ਪ੍ਰਭਾਵ ਉਜਾਗਰ ਕਰਦਾ ਹੈ ਕਿ ਸਮਕਾਲੀ ਦੌਰ ਦੀ ਪੜ੍ਹੀ ਲਿਖੀ ਔਰਤ ਆਪਣੇ ਮਨ ਦੀਆਂ ਅਤ੍ਰਿਪਤ ਦੱਬੀਆਂ ਟੁੱਟੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਮਰਦ ਪ੍ਰਧਾਨ ਸਮਾਜ ਦੀਆਂ ਪਰੰਪਰਾਗਤ ਨੈਤਿਕ ਕਦਰਾਂ ਕੀਮਤਾਂ ਦਾ ਅਧਿਲੰਘਣ ਕਰਦੀ ਹੋਈ ਆਪਣੇ ਲਈ ਹਰ ਪੱਖੋਂ ਸੰਪੂਰਨ ਵਰ ਲੋਚਦੀ ਹੈ । ਜੋ ਦੇਖਣ ਚਾਖਣ ਵਿੱਚ ਸੋਹਣਾ ਹੋਵੇ, ਉਸਦੇ ਹਾਣ ਪ੍ਰਵਾਣ ਦਾ ਹੋਵੇ, ਪੈਸੇ ਵਾਲਾ ਹੋਵੇ, ਉਸਦੇ ਕਹੇ ਅਨੁਸਾਰ ਚੱਲੇ, ਉਸਦਾ ਗੁਲਾਮ ਹੋਵੇ, ਉਹ ਜਿਵੇਂ ਚਾਹੇ ਉਸਨੂੰ ਵਰਤੇ, ਉਹ ਉਸਦੀ ਕਾਮ ਅਤ੍ਰਿਪਤੀ ਨੂੰ ਤ੍ਰਿਪਤ ਕਰੇ । ਇਸ ਤੋਂ ਬਾਅਦ ਪੇਸ਼ ਹੋਏ ਮੋਟਿਫ਼ –

> ਹਵਾ ਘੁੰਮੀ ਹੈ ਤਾਂ ਬਾਰੀ ਵਿੱਚ ਖੜ੍ਹੀ ਸਿਮਰਨ ਸੀਤ ਬੁੱਲੇ ਨਾਲ ਕੰਬ ਗਈ ਹੈ । ਪਿੱਛੇ ਹੱਟ ਗਈ ਹੈ ਉਹ, ਪੈੱਗ 'ਚੋਂ ਦੋ ਘੁੱਟਾਂ ਭਰੀਆਂ ਹਨ, ਨਮਕੀਨ ਲਿਆ ਹੈ । ਸਿਗਰਟ ਦੇ ਕਸ਼ ਖਿੱਚੇ ਹਨ ਅਤੇ ... ।[40]

ਉਪਰੋਕਤ ਗਤੀਸ਼ੀਲ ਮੋਟਿਫ਼ ਰੁਕੀ ਹੋਈ ਕਹਾਣੀ ਨੂੰ ਅਗਾਂਹ ਤੋਰਨ ਲਈ ਵਰਤੇ ਗਏ ਹਨ । ਇਸ ਤੋਂ ਬਾਅਦ ਕਹਾਣੀਕਾਰ ਕਹਾਣੀ ਬਿਰਤਾਂਤ ਨੂੰ ਥੋੜ੍ਹਾ ਠਰੰਮਾ ਦੇਣ ਲਈ ਗਤੀਹੀਨ ਮੋਟਿਫ਼ਾਂ ਤਹਿਤ 'ਸੰਵਾਦੀ ਜੁਗਤ' ਰਾਹੀਂ ਸਿਮਰਨ ਅਤੇ ਉਸਦੀ ਮਾਂ ਦੇ ਮਨੋ-ਸੰਗਠਨ ਨੂੰ ਉਜਾਗਰ ਕਰਦਾ ਹੋਇਆ ਵਿਰੋਧੀ ਸਥਿਤੀ ਨੂੰ ਸਿਰਜਦਾ ਇਹ ਪ੍ਰਭਾਵ ਸਪੱਸ਼ਟ ਕਰਦਾ ਹੈ ਕਿ ਸਿਮਰਨ ਦੀ ਮਾਂ ਮਰਦ ਪ੍ਰਧਾਨ ਸਮਾਜ ਦੀਆਂ ਪਰੰਪਰਾਗਤ ਲੀਹਾਂ ਦੀ ਧਾਰਨੀ ਹੈ ਇਸੇ ਲਈ ਉਹ ਸਿਮਰਨ ਨੂੰ ਆਪਣੇ ਖਾਨਦਾਨ, ਭਰਾ, ਪਿਓ ਦੀ ਇੱਜ਼ਤ ਦਾ ਵਾਸਤਾ ਪਾਉਂਦੀ ਹੋਈ ਮਿਸਟਰ ਮੈਨੇਜਰ ਨਾਲ ਵਿਆਹ ਕਰਵਾਉਣ ਲਈ ਮਜ਼ਬੂਰ ਕਰਦੀ ਹੈ । ਪਰ ਇਸ ਦੇ ਉਲਟ ਸਿਮਰਨ ਪਰੰਪਰਾ ਦਾ ਵਿਰੋਧ ਕਰਦੀ ਹੋਈ ਆਪਣੇ ਹਾਣ ਪਰਵਾਣ ਦਾ ਵਰ ਲੋਚਦੀ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਮਾਂ ਸਭ ਕੁਝ ਜਾਣਦੀ ਹੋਣ ਕਰਕੇ ਸਹਿਮੀ ਰਹਿੰਦੀ । ਉਸਦੇ ਸੰਸੇ ਨਾ ਮੁੱਕਦੇ.ਸਿਮਰਨ ਦਾ ਜੀ ਕਰਦਾ ਉਹ ਮਾਂ ਨੂੰ ਆਖੇ, ''ਦੇਖ ਮਾਂ, ... ਇਹ ਮੈਨੇਜਰ ਮੈਨੂੰ ਪਸੰਦ ਨਹੀਂ ... ਮੈਨੂੰ ਪ੍ਰੋ. ਨਾਲ ਤੋਰਦੇ ਮਾਂ ...,'' ਮਾਂ ਤਸਵੀਰਾਂ ਅੱਗੋਂ ਹੱਟ ਸਿਮਰਨ ਅੱਗੇ ਹੱਥ ਜੋੜਦੀ, ''ਦੇਖ ਮੇਰੀ ਬੀਬੀ ਧੀ ਦੇਖ ... ਖਾਨਦਾਨ ... ਤੇਰਾ ਪਿਉ ... ਤੇਰਾ ਭਰਾ ...[41]

ਇਸ ਤੋਂ ਅਗਾਂਹ ਕਹਾਣੀਕਾਰ ਸਿਮਰਨ ਦੇ ਮਿਸਟਰ ਮੈਨੇਜਰ ਨਾਲ ਅਣਜੋੜ ਵਿਆਹ ਨਾਲ ਸੰਬੰਧਤ 'ਬੱਝੇ ਮੋਟਿਫ਼ਾਂ' ਨੂੰ ਪੇਸ਼ ਕਰਦਾ ਹੈ । ਇਹ ਮੋਟਿਫ਼ ਸਿਮਰਨ ਦੀ ਉਦਾਸ ਮਾਨਸਿਕਤਾ ਦੇ ਕੁਝ ਕੁ ਕਾਰਨਾਂ ਨੂੰ ਵਿਰੋਪਤ ਕਰਦੇ ਹੋਏ ਅਣਜੋੜ ਵਿਆਹ ਦੀ ਦੁਖਾਂਤਕ ਸਥਿਤੀ ਨੂੰ ਉਜਾਗਰ ਕਰਦੇ ਇਹ ਪ੍ਰਭਾਵ ਸਪੱਸ਼ਟ ਕਰਦੇ ਹਨ ਕਿ ਅਣਜੋੜ ਵਿਆਹ ਹਮੇਸ਼ਾ ਹੀ ਇਸਤਰੀ ਦੀ ਦ੍ਰਿਸ਼ਟੀ ਤੋਂ ਅਣਜੋੜ ਹੁੰਦਾ ਹੈ । ਸਿਮਰਨ ਮਰਦ ਦੀ ਦੋਹਰੀ ਨਿਪੁੰਸਕਤਾ ਦਾ ਸ਼ਿਕਾਰ ਹੁੰਦੀ ਹੋਈ ਮਜ਼ਬੂਰੀ ਵਸ ਅਣਜੋੜ ਵਿਆਹ ਦਾ ਸੰਤਾਪ ਹੰਢਾਉਂਦੀ ਹੈ । ਕਿਉਂਕਿ ਸਿਮਰਨ ਦੇ ਮਾਤਾ ਪਿਤਾ ਉਸਨੂੰ ਪੈਸਿਆਂ ਦੇ ਲਾਲਚ ਵਸ ਬੁੱਢੇ ਮਿਸਟਰ ਮੈਨੇਜਰ ਨਾਲ ਵਿਆਹ ਦਿੰਦੇ ਹਨ । ਪਰ ਮਿਸਟਰ ਮੈਨੇਜਰ ਸਿਮਰਨ ਦੀ ਕਾਮ ਸੰਤੁਸ਼ਟੀ ਨਹੀਂ ਕਰਵਾ ਸਕਦਾ ਕਿਉਂਕਿ ਉਸ ਕੋਲ ਸੰਭੋਗ ਦੀ ਇੱਛਾ ਤਾਂ ਹੈ ਪਰ ਬੁੱਢਾ ਹੋਣ ਕਰਕੇ ਸੰਭੋਗ ਸ਼ਕਤੀ ਨਹੀਂ, ਪਰ ਇਸਦੇ ਉਲਟ ਪ੍ਰੋ. ਵਿਕਾਸ ਕੋਲ ਸੰਭੋਗ ਦੀ ਸ਼ਕਤੀ ਹੈ ਪਰ ਸੰਭੋਗ ਕਰਨ ਦੀ ਦਲੇਰੀ ਨਹੀਂ । ਇਸੇ ਲਈ ਸਿਮਰਨ ਦੋਹਰੀ ਨਿਪੁੰਸਕਤਾ ਦਾ ਸ਼ਿਕਾਰ ਹੁੰਦੀ ਹੋਈ ਮਜ਼ਬੂਰੀ ਬੱਸ ਅਣਜੋੜ ਵਿਆਹ ਦਾ ਸੰਤਾਪ ਹੰਢਾਉਂਦੀ ਆਪਣੀਆਂ ਮਾਨਸਿਕ ਅਤ੍ਰਿਪਤੀਆਂ ਦਾ ਵਿਰੋਪਨ ਸਪੱਸ਼ਟ ਕਰਦੀ ਹੋਈ ਮੇਘਨਾ ਨੂੰ ਕਹਿੰਦੀ ਹੈ ਕਿ –

> ''ਪ੍ਰੋ. ਸੋਚਦੈ ਮੈਂ ਮਰ ਜੂੰ ... ਪਹਿਲਾਂ ਸੋਚਿਆ ਸੀ ਕਿ ਅੱਜ ਜਦੋਂ ਗੱਡੀ ਪੁੱਲ ਤੋਂ ਲੰਘੂ ਛਾਲ ਮਾਰ ਦੂੰਗੀ ਪਰ ਹੁਣ ਨਹੀਂ ... ।'' ਅੱਗੋਂ ਉਸ ਨੇ ਮਨ 'ਚ ਕਿਹਾ, ''ਮਾਰੂ ਉਸ ਵਪਾਰੀ ਨੂੰ ਜਿਹੜਾ ਲੋਨ ਨਾਲ ਮੈਨੂੰ ਖਰੀਦ ਕੇ ਲੈ ਚੱਲਿਐ ... ।''[42]

ਉਪਰੋਕਤ ਮੋਟਿਫ਼ ਜਿੱਥੇ ਸਿਮਰਨ ਦੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਉਜਾਗਰ ਕਰਦੇ ਹਨ ਉਥੇ ਇਹਨਾਂ ਮੋਟਿਫ਼ਾਂ ਵਿੱਚੋਂ ਕਈ ਰੀਮਾਂ ਦੇ ਨਿਕਲਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ :

- ਦੁੱਖੀ ਹੋਈ ਸਿਮਰਨ ਮਿਸਟਰ ਮੈਨੇਜਰ ਨੂੰ ਮਾਰ ਵੀ ਸਕਦੀ ਹੈ,
- ਇਹ ਵੀ ਹੋ ਸਕਦਾ ਹੈ ਕਿ ਸਿਮਰਨ ਮਿਸਟਰ ਮੈਨੇਜਰ ਨਾਲ ਸਮਝੌਤਾ ਕਰ ਲਵੇ,
- ਇਕ ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ ਸਿਮਰਨ ਮਿਸਟਰ ਮੈਨੇਜਰ ਤੋਂ ਬਦਲਾ ਲੈ ਲੈਣ ਲਈ ਉਸਨੂੰ ਮਾਨਸਿਕ ਕਸ਼ਟ ਦੇਣ ਲੱਗ ਪਵੇ,

ਇਹ ਸਾਰੀਆਂ ਸੰਭਾਵਨਾਵਾਂ ਪਾਠਕ ਦੇ ਮਨ ਅੰਦਰ ਘੁੰਮ ਰਹੀਆਂ ਹਨ ਇਹ ਅਸੀਂ ਅਗਾਂਹ ਵੇਖਾਂਗੇ ਕਿ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਕਿਹੜੀ ਰੀਮ ਚੁਣਦਾ ਹੈ । ਇਸ ਤੋਂ ਪਹਿਲਾਂ ਇਹ ਦੱਸ ਦੇਣਾ ਅਤੀ ਜ਼ਰੂਰੀ ਹੈ ਕਿ ਏਥੋਂ ਤੱਕ ਕਹਾਣੀਕਾਰ ਔਰਤ ਦੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਉਜਾਗਰ ਕਰਨ ਲਈ ਥੀਮਕ ਪੱਖ ਤੋਂ ਕਈ ਮੋਟਿਫ਼ 'ਹੀਰ ਰਾਂਝੇ' ਦੀ ਪ੍ਰੀਤ ਕਹਾਣੀ ਦੇ ਪੁਰਾਣੇ ਮੋਟਿਫ਼ਾਂ ਨੂੰ ਨਵੇਂ ਪ੍ਰਸੰਗ ਵਿੱਚ ਵਰਤ ਰਿਹਾ ਹੈ । ਜਿਸ ਨੂੰ ਅਸੀਂ ਹੇਠ ਲਿਖੇ ਢੰਗ ਅਨੁਸਾਰ ਆਸਾਨੀ ਨਾਲ ਸਮਝ ਸਕਦੇ ਹਾਂ :

| ਹੀਰ ਰਾਂਝਾ | ਜੀ ਬੀਬੀ ਜੀ |
|---|---|
| • ਹੀਰ (ਰਾਂਝੇ ਨਾਲ ਪਿਆਰ) | • ਸਿਮਰਨ (ਪ੍ਰੋ. ਵਿਕਾਸ ਨਾਲ ਪਿਆਰ) ਆਰਥਿਕਤਾ ਤੇ ਚਰਿੱਤਰ ਬਦਲੀ |
| • ਰਾਂਝਾ | • ਪ੍ਰੋ. ਵਿਕਾਸ/ਆਰਥਿਕਤਾ ਤੇ ਚਰਿੱਤਰ ਬਦਲੀ |
| • ਸੈਦਾ ਖੇੜਾ | • ਮਿਸਟਰ ਮੈਨੇਜਰ/ਆਰਥਿਕਤਾ ਤੇ ਚਰਿੱਤਰ ਬਦਲੀ |
| • ਸਹਿਤੀ (ਹੀਰ ਦੀ ਨਨਾਣ) | • ਮੇਘਨਾ (ਸਿਮਰਨ ਦੀ ਸਹੇਲੀ) ਰਿਸ਼ਤਾ ਬਦਲੀ/ਚਰਿੱਤਰ ਬਦਲੀ |
| • ਚਾਚਾ ਕੈਦੋ | • ਸਿਮਰਨ ਦਾ ਭਰਾ (ਰਿਸ਼ਤਾ ਬਦਲੀ) |
| • ਰਾਂਝੇ ਦਾ ਝਨਾਅ ਦਰਿਆ ਤੇ ਆ ਕੇ ਹੀਰ ਦੇ ਪਲੰਗ ਉੱਤੇ ਸੌਣਾ, ਹੀਰ ਦਾ ਉਸ ਉੱਤੇ ਮੋਹਿਤ ਹੋ ਜਾਣਾ | • ਪ੍ਰੋ. ਵਿਕਾਸ ਦਾ ਸਿਮਰਨ ਦੇ ਕਾਲਜ ਵਿੱਚ ਆਉਣਾ, ਸਿਮਰਨ ਦਾ ਉਸ ਉੱਤੇ ਮੋਹਿਤ ਹੋ ਜਾਣਾ |
| • ਹੀਰ ਵਲੋਂ ਜੰਗਲ ਬੇਲੇ ਵਿੱਚ ਰਾਂਝੇ ਨੂੰ ਮਿਲਣਾ | • ਸਿਮਰਨ ਵਲੋਂ ਕਾਲਜ ਅਤੇ ਮੇਘਨਾ ਦੇ ਘਰ ਪ੍ਰੋ. ਵਿਕਾਸ ਨੂੰ ਮਿਲਣਾ, |
| • ਹੀਰ ਨੂੰ ਜੰਗਲ ਬੇਲੇ ਵਿੱਚ ਜਾਣ ਤੋਂ ਵਰਜਣਾ | • ਸਿਮਰਨ ਨੂੰ ਕਾਲਜ ਜਾਣ ਤੋਂ ਵਰਜਣਾ |
| • ਹੀਰ ਦੀ ਸੈਦੇ ਖੇੜੇ ਨਾਲ ਮੰਗਣੀ ਹੋਣਾ | • ਸਿਮਰਨ ਦੀ ਮਿਸਟਰ ਮੈਨੇਜਰ ਨਾਲ ਮੰਗਣੀ ਹੋਣਾ, |
| • ਹੀਰ ਦਾ ਆਰਥਕ ਬਰਾਬਰੀ ਲਈ ਪਿਆਰ ਵਿਆਹ ਦੀ ਥਾਂ ਸੈਦੇ ਖੇੜੇ ਨਾਲ ਜਜ਼ਬਰਦਸਤੀ ਵਿਆਹ | • ਸਿਮਰਨ ਦਾ ਪੈਸਿਆਂ ਦੇ ਲਾਲਚ ਵੱਸ ਪਿਆਰ ਵਿਆਹ ਦੀ ਥਾਂ ਮਿਸਟਰ ਮੈਨੇਜਰ ਨਾਲ ਜ਼ਬਰਦਸਤੀ ਅਣਜੋੜ ਵਿਆਹ |
| • ਹੀਰ ਵਲੋਂ ਵਿਆਹ ਤੋਂ ਖ਼ੁਸ਼ ਨਾ ਹੋ ਕੇ ਸੈਦੇ ਨੂੰ ਆਪਣਾ ਪਤੀ ਨਾ ਸਮਝਣਾ | • ਸਿਮਰਨ ਵਲੋਂ ਵਿਆਹ ਤੋਂ ਖ਼ੁਸ਼ ਨਾ ਹੋ ਕੇ ਮਿਸਟਰ ਮੈਨੇਜਰ ਨੂੰ ਆਪਣਾ ਪਤੀ ਨਾ ਸਮਝਣਾ, |

ਇਸ ਤਰ੍ਹਾਂ ਅਸੀਂ ਭਲੀ ਭਾਂਤ ਸਮਝ ਸਕਦੇ ਹਾਂ ਕਿ ਕਹਾਣੀਕਾਰ ਔਰਤ ਦੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਸਪੱਸ਼ਟ ਕਰਨ ਲਈ 'ਹੀਰ ਰਾਂਝੇ' ਦੀ ਲੋਕ ਬਿਰਤਾਂਤਕ ਕਥਾ ਦੇ ਮੋਟਿਫ਼ਾਂ ਨੂੰ ਕੁਝ ਕੁ ਬਦਲੇ ਹੋਏ ਰੂਪ ਵਿੱਚ ਪੇਸ਼ ਕਰ ਰਿਹਾ ਹੈ । ਹੁਣ ਅਸੀਂ ਕਹਾਣੀਕਾਰ ਵਲੋਂ ਨਵੇਂ ਪ੍ਰਸੰਗ ਵਿੱਚ ਵਰਤੇ ਗਏ 'ਹੀਰ ਰਾਂਝੇ' ਦੀ ਕਥਾ ਦੇ ਮੋਟਿਫ਼ਾਂ ਨੂੰ ਵਿਚਾਰਨ ਤੋਂ ਬਾਅਦ ਕਹਾਣੀਕਾਰ ਦੀ ਚੁਣੀ ਹੋਈ ਰੀਮਕ ਸੰਭਾਵਨਾ ਬਾਰੇ ਵਿਚਾਰ ਕਰਾਂਗੇ, ਉਪਰੋਕਤ ਪੈਦਾ ਹੋਈਆਂ ਰੀਮਕ ਸੰਭਾਵਨਾਵਾਂ ਵਿੱਚੋਂ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਤੀਜੀ ਰੀਮਕ ਸੰਭਾਵਨਾ ਚੁਣ ਲੈਂਦਾ ਹੈ ਜੋ ਅਗਲੇ ਮੋਟਿਫ਼ਾਂ ਲਈ ਥੀਮ ਬਣਕੇ ਅੱਗੇ ਚੱਲ ਪੈਂਦੀ ਹੈ ਜਿਵੇਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ :

> ਪਰ ਸਿਮਰਨ ਨੇ ਮਿੱਥ ਲਿਆ ਸੀ ਕਿ ਨਾ ਇਸ ਤੋਂ ਪ੍ਰਭਾਵਿਤ ਹੋਣਾ ਹੈ ਨਾ ਰੀਐਕਟ ਕਰਨਾ ਹੈ ... । ਰਾਤੀਂ ਜਦੋਂ ਉਸ ਨੇ ... ਜ਼ਿੰਦਗੀ ਦੇ ਸਭ ਤੋਂ ਮਹੱਤਵਪੂਰਨ ਕਾਰਜ ਨੂੰ

> ਨਿਪਟਾਇਆ ਤੇ ਬਦਲਾ ਲੈਣ ਲਈ ਸਿਮਰਨ ਨੂੰ ਆਖਿਆ, ''ਆਖਿਰ ਮੈਂ ਤੈਨੂੰ ਪਾ ਹੀ ਲਿਆ ਸਿਮਰਨ ...।''''ਮੈਂ ਤਾਂ ਨਹੀਂ ਸਮਝਦੀ ... ''ਇਹ ਕੁਝ ਤਾਂ ਮੈਂ ਤੇ ਵਿਕਾਸ ਅਕਸਰ ਹੀ ਕਰਦੇ ਸਾਂ'' ਤੇ ਉਹ ਬਾਥਰੂਮ ਚਲੀ ਗਈ ਸੀ । ਇਹ ਪਹਿਲੀ ਵੱਡੀ ਸੱਟ ਸੀ ਜੋ ਸਿਮਰਨ ਨੇ ਮਿਸਟਰ ਮੈਨੇਜਰ ਨੂੰ ਮਾਰੀ ਸੀ ਅਤੇ ਉਸ ਦੀ ਤੜਫ ਨੇ ਸਿਮਰਨ ਨੂੰ ਬਹੁਤ ਰਾਹਤ ਦਿੱਤੀ ਸੀ, ਫਿਰ ਤਾਂ ਇਕ ਦੌਰ ਸ਼ੁਰੂ ਹੋ ਗਿਆ ਸੀ ਸਾੜਨ ਅਤੇ ਸੜਨ ਦਾ ... ।[43]

ਉਪਰੋਕਤ ਮੋਟਿਫ਼ ਕਹਾਣੀਕਾਰ ਦੀ ਚੁਣੀ ਹੋਈ ਰੀਮ ਦੀ ਗਵਾਹੀ ਭਰਦੇ ਹੋਏ ਵਿਕਾਸ ਕਰਦੇ ਹਨ ਜੋ ਇਹ ਪ੍ਰਭਾਵ ਸਪੱਸ਼ਟ ਕਰਦੇ ਹਨ ਕਿ ਅਗਾਂਹ ਸਿਮਰਨ, ਮਿਸਟਰ ਮੈਨੇਜਰ ਤੋਂ ਬਦਲਾ ਲੈਣ ਲਈ ਉਸਨੂੰ ਝੂਠ ਬੋਲਦੀ ਹੋਈ ਮਾਨਸਿਕ ਕਸ਼ਟ ਦੇਵੇਗੀ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

> ਮਿਸਟਰ ਮੈਨੇਜਰ ਦੀ ਬਦਲੀ ਇਸ ਪਹਾੜੀ ਪਰਦੇਸ ਦੀ ਹੋ ਗਈ ਸੀ । ਉਸ ਨੂੰ ਆਸ ਸੀ ਕਿ ਪੰਜਾਬੋਂ ਦੂਰ ਪਹਾੜੀ ਮਾਹੌਲ ਵਿੱਚ ਸਿਮਰਨ ਬਦਲ ਜਾਵੇਗੀ । ... ਪਰ ਸਿਮਰਨ ਜ਼ਿੰਦਗੀ ਮਾਨਣ ਲਈ ਮਿਸਟਰ ਮੈਨੇਜਰ ਨਾਲ ਨਹੀਂ ਸੀ ਆਈ । ਉਸ ਨੇ ਤਾਂ ਜਿਵੇਂ ਪੂਰੀ ਮਰਦ-ਜਾਤ ਤੋਂ ਬਦਲਾ ਲੈਣਾ ਸੀ ਤੇ ਉਹ ਬਦਲਾ ਲੈਣ ਲੱਗੀ । ਪਹਿਲਾਂ ਸੁਨੇਹਾ ਪਿਓ ਤੇ ਭਰਾ ਲਈ ਸੀ ਕਿ ਉਹ ਉਹਦੇ ਲਈ ਮਰ ਗਏ ਤੇ ਉਹ ਉਹਨਾਂ ਲਈ ...ਇਸ ਦੌਰ ਵਿੱਚ ਸਿਮਰਨ ਨੇ ਮਿਸਟਰ ਮੈਨੇਜਰ ਨੂੰ ਪੁੱਜ ਕੇ ਮਾਨਸਿਕ ਕਸ਼ਟ ਦਿੱਤੇ ਤੇ ਉਸ ਤੋਂ ਰੱਜਕੇ ਸਰੀਰ ਕਸ਼ਟ ਲਏ ਅਤੇ ਜਾਣਿਆਂ ਕਿ ਮਾਨਸਿਕ ਕਸ਼ਟ ਦੇ ਸਾਂਹਵੇਂ ਸਰੀਰਕ ਕਸ਼ਟ ਕੁਝ ਵੀ ਨਹੀਂ ਹੁੰਦਾ ... ।[44]

ਗਤੀਹੀਨ ਮੋਟਿਫ਼ਾਂ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ਾਂ ਵਿੱਚ ਸਿਮਰਨ ਦੀ ਉਦਾਸ ਮਾਨਸਿਕਤਾ ਦੇ ਬਰਫ਼ ਨਾਲ ਜੁੜੇ ਹੋਏ ਕਾਰਨਾਂ ਦੇ ਵਿਗੋਪਨ ਨੂੰ ਸਪੱਸ਼ਟ ਕੀਤਾ ਗਿਆ ਹੈ । ਜਿਸ ਸਦਕਾ ਪਾਠਕ ਭਲੀ ਭਾਂਤ ਸਮਝ ਜਾਂਦਾ ਹੈ ਕਿ ਸਿਮਰਨ ਦੀ ਜ਼ਿੰਦਗੀ ਵਿੱਚ ਘਟਿਤ ਆਪਣੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਪੂਰਾ ਕਰਨ ਦਾ ਸਫ਼ਰ ਇਸ ਪਹਾੜੀ ਪ੍ਰਦੇਸ਼ ਵਿੱਚੋਂ ਹੀ ਸ਼ੁਰੂ ਹੁੰਦਾ ਹੈ । ਇਸੇ ਪਹਾੜੀ ਪ੍ਰਦੇਸ਼ ਵਿੱਚ ਵਾਪਰੀਆਂ ਘਟਨਾਵਾਂ ਸਿਮਰਨ ਦੀ ਮਾਨਸਿਕ ਵੇਦਨਾ ਨੂੰ ਸਪੱਸ਼ਟ ਕਰਦੀਆਂ ਹਨ । ਜਿਨ੍ਹਾਂ ਨੂੰ ਕਹਾਣੀਕਾਰ ਬਿਖਰੀਆਂ ਟੁਕੜੀਆਂ ਵਿੱਚ 'ਵਿਲੰਬਤ ਵਿਗੋਪਨ' ਵਜੋਂ ਪੇਸ਼ ਕਰ ਰਿਹਾ ਹੈ । ਕਹਾਣੀ ਬਿਰਤਾਂਤ ਵਿੱਚ ਸਿਮਰਨ ਔਰਤ, ਧੀ, ਪਤਨੀ, ਪ੍ਰੇਮਿਕਾ ਆਦਿ ਰੂਪਾਂ ਵਿੱਚ ਵਿਚਰਦੀ ਹੋਈ ਕਹਾਣੀ ਨੂੰ ਗਤੀਸ਼ੀਲ ਬਣਾਈ ਰੱਖਦੀ ਹੈ । ਪਰ ਕਹਾਣੀ ਦੇ ਬਿਰਤਾਂਤ ਵਿੱਚ ਉਹ ਔਰਤ ਮਨ ਦੀਆਂ ਅਤ੍ਰਿਪਤ ਪਰਤਾਂ ਨੂੰ ਉਘਾੜਦੀ ਹੋਈ ਸਭ ਤੋਂ ਵੱਧ ਮਰਦ ਪ੍ਰਧਾਨ ਸਮਾਜ ਦੀਆਂ ਪਰੰਪਰਾਗਤ ਨੈਤਿਕ ਕਦਰਾਂ ਕੀਮਤਾਂ ਨੂੰ ਅਧਿਲੰਘਣ ਕਰਨ ਦੇ ਰੂਪ ਵਿਚ ਵਿਦਰੋਹੀ ਇਸਤਰੀ ਵਜੋਂ ਪੇਸ਼ ਹੋਈ ਹੈ । ਸਿਮਰਨ ਦੇ ਨਾਰੀ ਮਨ ਦੀਆਂ ਅਤ੍ਰਿਪਤ ਖ਼ਾਹਿਸ਼ਾਂ ਵਿੱਚੋਂ

ਮਿਸਟਰ ਮੈਨੇਜਰ ਪ੍ਰਤੀ ਬਦਲੇ ਦੀ ਭਾਵਨਾ ਉਤਪੰਨ ਹੁੰਦੀ ਹੈ ਜਿਸ ਸਦਕਾ ਉਹ ਆਪਣੇ ਸਰੀਰ ਨੂੰ ਬਦਲੇ ਦਾ ਸਾਧਨ ਵਰਤਦੀ ਹੋਈ ਮਿਸਟਰ ਮੈਨੇਜਰ ਨੂੰ ਝੂਠ ਦੇ ਰੂਪ ਵਿਚ ਮਾਨਸਿਕ ਕਸ਼ਟ ਦਿੰਦੀ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ ,

- ਉਹ ਬਾਹਰੋਂ ਆਉਂਦੀ ਤਾਂ ਮਿਸਟਰ ਮੈਨੇਜਰ ਪੁੱਛਦਾ, ''ਐਨੀ ਦੇਰ ਕਿੱਥੇ ਲਾਈ ... ?' ਉਹ ਬੇਪਰਵਾਹੀ ਨਾਲ ਕਹਿੰਦੀ, ''ਏਥੇ ਪ੍ਰੋ. ਵਿਕਾਸ ਆਇਆ ਹੋਇਆ ਅੱਜ ਕੱਲ ... ਉਸ ਕੋਲ ਰੁਕ ਗਈ ਸਾਂ ...''ਕੀ ... ਈ ... ? ਉਹ ਕੁੱਤਾ ਇਥੇ ਵੀ ਆ ਗਿਆ ... ?''
  ''ਮਿਲ ਆਈ ਯਾਰ ਨੂੰ ਕੁਤੀਏ ... ?''
  ਉਹ ਮੁਸਕਰਾਉਂਦੀ ਤਾਂ ਉਹ ਉਠਦਾ ਤੇ ਉਸ ਨੂੰ ਕੁੱਟਣ ਲੱਗ ਪੈਂਦਾ । ਉਹ ਚਪੇੜਾਂ ਮਾਰਦਾ ਤਾਂ ਸਿਮਰਨ ਕਹਿੰਦੀ, ''ਉਹਦੇ ਚੁੰਮਣਾਂ ਅੱਗੇ ਤੇਰੀਆਂ ਚਪੇੜਾਂ ... ਉੂੰ ... ਹੂੰ ... । ਉਹਦੇ ਇਕ ਚੁੰਮਣ ਪਿੱਛੇ ਤੇਰੀਆਂ ਹਜ਼ਾਰਾਂ ਚਪੇੜਾਂ ਖਾ ਸਕਦੀ ਹਾਂ ...।'' ਉਹ ਪਾਗਲ ਹੋ ਜਾਂਦਾ ... ਕੁੱਟਦਾ ਕੁੱਟਦਾ ਹੱਫ ਜਾਂਦਾ ... ਦਾਰੂ ਪੀਂਦਾ ਤੇ ਬੇਸੁਧ ਹੋ ਕੇ ਪੈ ਜਾਂਦਾ । ਸਿਮਰਨ ਦਾ ਪੋਰ ਪੋਰ ਦੁੱਖਦਾ ਪਰ ਏਸ ਦਰਦ ਵਿੱਚੋਂ ਵੀ ਕੋਈ ਸਵਾਦ ਆਉਂਦਾ ਉਸ ਨੂੰ । ਕਈ ਵਾਰ ਤਾਂ ਉਸ ਨੂੰ ਵੀ ਲੱਗਣ ਲੱਗਦਾ ਜਿਵੇਂ ਸੱਚਮੁੱਚ ਹੀ ਵਿਕਾਸ ਨੇ ਉਸ ਨੂੰ ਚੁੰਮਿਆ ਹੋਵੇ ।[45]
- ਕਦੇ ਉਹ ਦੇਰ ਨਾਲ ਆਉਂਦੀ ਤਾਂ ਮਿਸਟਰ ਮੈਨੇਜਰ ਪੁੱਛਦਾ, ''ਰੋਟੀ ... ?'' ਉਹ ਹੱਸ ਪੈਂਦੀ, ''ਕੀ ਦੱਸਾਂ ? ਅੱਜ ਇਕ ਮੁੰਡਾ ਮਿਲ ਪਿਆ, ਉਹਦੀਆਂ ਅੱਖਾਂ ਤੇ ਬੁੱਲ ਜਮਾਂ ਵਿਕਾਸ ਵਰਗੇ ... ਓਸ ਧੱਕੇ ਨਾਲ ਹੀ ਡਿਨਰ ਕਰਵਾ ਦਿੱਤਾ । ... ਆਉਣ ਵੇਲੇ ਉਸ ਨੇ ਮੇਰਾ ਹੱਥ ਚੁੰਮ ਲਿਆ ... ।[46]

'ਸਵਾਲ ਜੁਆਬ' ਦੀ ਸੰਵਾਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ਾਂ ਨੂੰ ਅਸੀਂ ''ਮੋਟਿਫ਼-ਕੰਨਫ਼ਿਗੂਰੇਸ਼ਨ'' ਅਧੀਨ ਵਿਚਾਰ ਸਕਦੇ ਹਾਂ । ਇਸ ਇਕਾਈ ਦੇ ਅੰਤਰਗਤ ਦੋ ਜਾਂ ਦੋ ਤੋਂ ਵਧੇਰੇ ਮੋਟਿਫ਼ਾਂ ਦਾ ਅਜਿਹਾ ਸੰਗਠਨ ਹੁੰਦਾ ਹੈ ਜਿਸ ਵਿੱਚ ਇਕੋ ਹੀ ਭਾਵ ਨਾਲ ਸੰਬੰਧਿਤ ਭਿੰਨ ਭਿੰਨ ਮੋਟਿਫ਼ ਜੁੜੇ ਹੁੰਦੇ ਹਨ ਅਤੇ ਉਹ ਮਿਲ ਕੇ ਦਰਜੇਵਾਰ ਇਕ ਵਿਸ਼ੇਸ਼ ਰੂਪ-ਪ੍ਰਬੰਧ ਸਿਰਜਦੇ ਹਨ ।[47] ਉਪਰੋਕਤ ਮੋਟਿਫ਼ਾਂ ਵਿੱਚ ਸਿਮਰਨ ਵਲੋਂ ਮਿਸਟਰ ਮੈਨੇਜਰ ਤੋਂ ਬਦਲਾ ਲੈਣ ਲਈ ਝੂਠ ਦਾ ਸਹਾਰਾ ਲੈ ਕੇ ਉਸਨੂੰ ਮਾਨਸਿਕ ਕਸ਼ਟ ਦੇਣ ਦੇ ਇਕੋ ਹੀ ਭਾਵ ਨਾਲ ਸੰਬੰਧਿਤ ਭਿੰਨ ਭਿੰਨ ਮੋਟਿਫ਼ ਜੁੜੇ ਹੋਏ ਹਨ ਜੋ ਮਿਲ ਕੇ ਦਰਜੇਵਾਰ ਰੂਪ ਪ੍ਰਬੰਧ ਸਿਰਜਦੇ ਹਨ । ਮਿਸਟਰ ਮੈਨੇਜਰ ਤੋਂ ਬਦਲਾ ਲੈਣ ਲਈ ਸਿਮਰਨ ਵਲੋਂ ਝੂਠ ਦਾ ਸਹਾਰਾ ਲੈ ਕੇ ਉਸਨੂੰ ਮਾਨਸਿਕ ਕਸ਼ਟ ਦੇਣ ਦੇ ਉਪਰੋਕਤ ਮੋਟਿਫ਼ਾਂ ਵਿਚ ਕਹਾਣੀਕਾਰ ਕਹਾਣੀ ਦੇ ਅਗਲੇਰੇ ਬਿਰਤਾਂਤਕ

ਪਾਸਾਰ ਲਈ ਸਿਮਰਨ ਨੂੰ ਮਿਸਟਰ ਮੈਨੇਜਰ ਸਾਹਮਣੇ ਝੂਠਾ ਸਾਬਤ ਨਹੀਂ ਹੋਣ ਦਿੰਦਾ । ਇਸ ਸਦਕਾ ਕਹਾਣੀ ਵਿੱਚ ਗਤੀਸ਼ੀਲਤਾ ਆਉਂਦੀ ਹੈ। ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

- ਉਸਦੇ ਮੂੰਹੋਂ ਹਲਕੀ ਜਿਹੀ ਚੀਕ ਨਿਕਲ ਗਈ ਹੈ, ਹੱਥੋਂ ਸਿਗਰਟ ਵੀ ਫਰਸ਼ 'ਤੇ ਜਾ ਡਿਗੀ ਹੈ ਜਿਵੇਂ ਹੁਣ ਵੀ ਹੱਥ ਲੂਹਿਆ ਗਿਆ ਹੋਵੇ ... । ਦੁਖ ਭਰੇ ਦਿਨ ਯਾਦ ਆਉਣ ਤੇ ਵੀ ਦੁਖੀ ਕਰਦੇ ਨੇ ... । ਇਕ ਪੈਗ ਹੋਰ ਪਾ ਕੇ ਉਸ ਬੋਤਲ ਨੂੰ ਘੋਖਿਆ ਹੈ, ਅਧਿਉਂ ਵੱਧ ਖਾਲੀ ਹੋ ਗਈ ਹੈ ਉਸਦੀ ਜ਼ਿੰਦਗੀ ਵਾਂਗੂੰ । ਕਿਸ ਲੇਖੇ ਲੱਗੀ ਉਸ ਦੀ ਜ਼ਿੰਦਗੀ ਤੇ ਇਹ ਦਾਰੂ ... ? ... ਉਹ ਪੈਗ ਅੰਦਰ ਸੁਟਦੀ ਹੈ ਤੇ ... ।[48]

ਸਿਮਰਨ ਦੀ ਜ਼ਿੰਦਗੀ ਵਿੱਚ ਵਾਪਰੀਆਂ ਅਤੀਤਕਾਲਕ ਘਟਨਾਵਾਂ ਨੂੰ ਪੇਸ਼ ਕਰਨ ਲਈ ਵਰਤੇ ਉਪਰੋਕਤ ਗਤੀਸ਼ੀਲ ਮੋਟਿਫ਼ ਕਹਾਣੀ ਦੀ ਚਾਲ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੇ ਹੋਏ ਵਿਕਾਸ ਕਰਦੇ ਹਨ । ਇਸ ਤੋਂ ਅੱਗੇ ਪੇਸ਼ ਹੋਏ ਮੋਟਿਫ਼ ਹਨ :

> ਥੱਕ ਗਏ ਸਨ ਦੋਵੇਂ, ਮਿਸਟਰ ਮੈਨੇਜਰ ਕੁੱਟ ਕੁੱਟ ਕੇ ਤੇ ਸਿਮਰਨ ਝੂਠ ਬੋਲ ਬੋਲ ਕੇ ... । ਦੋਵੇਂ ਕਿਸੇ ਫੈਸਲੇ ਤੇ ਪੁਜਣਾ ਚਾਹੁੰਦੇ ਸਨ ... । ਸਿਮਰਨ ਨੂੰ ਖਬਰ ਮਿਲੀ ਸੀ ਕਿ ਪ੍ਰੋ. ਵਿਕਾਸ ਦਾ ਵਿਆਹ ਹੋ ਗਿਐ ਤੇ ਮੇਘਨਾ ਦਾ ਪਿਛਲੇ ਛੇ ਮਹੀਨੇ ਤੋਂ ਕੁਝ ਪਤਾ ਨਹੀਂ ... । ... ਦੋਵਾਂ ਖਬਰਾਂ ਨੇ ਸਿਮਰਨ ਨੂੰ ਬਹੁਤ ਉਦਾਸ ਕਰ ਦਿੱਤਾ ਸੀ ।[49]

ਉਪਰੋਕਤ ਮੋਟਿਫ਼ਾਂ ਨੂੰ ਭਾਵੇਂ ਖੁੱਲ੍ਹੇ ਮੋਟਿਫ਼ ਕਿਹਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਦੇ ਖਾਰਜ ਹੋਣ ਨਾਲ ਰਚਨਾ ਦੇ ਸੰਗਠਨ ਉਪਰ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ, ਪਰੰਤੂ ਰਚਨਾ ਦੇ ਅਗਲੇ ਮੋਟਿਫ਼ਾਂ ਪ੍ਰਤੀ ਸੰਕੇਤ ਕਰਨ ਦੀ ਵਿਸ਼ੇਸ਼ਤਾ ਕਾਰਣ ਇਨ੍ਹਾਂ ਮੋਟਿਫ਼ਾਂ ਨੂੰ ਸੰਰਚਨਾਤਮਕ ਮਹੱਤਵ ਪ੍ਰਾਪਤ ਹੋ ਜਾਂਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ਉਹ ਮਿਸਟਰ ਮੈਨੇਜਰ ਨੂੰ ਬਿਲਕੁਲ ਛੱਡ ਦੇਣਾ ਚਾਹੁੰਦੀ ਸੀ ਜਾਂ ਅਪਣਾ ਲੈਣਾ ਚਾਹੁੰਦੀ ਸੀ ... । ਉਸ ਦਿਨ ਵੀ ਦੇਰ ਨਾਲ ਘਰ ਆਈ ਸੀ ਉਹ, ਐਵੇਂ ਭਟਕਦੀ ਰਹੀ ਸੀ, ਉੱਚੇ ਨੀਵੇਂ ਥਾਵਾਂ 'ਤੇ ... ।[50]

ਇਸ ਤਰ੍ਹਾਂ ਕਹਾਣੀਕਾਰ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਨ ਵਾਲੇ ਮੋਟਿਫ਼ਾਂ ਦੀ ਸੂਚਨਾ ਦੇਣ ਵਾਲੇ ਵੇਰਵਿਆਂ ਨੂੰ ਪ੍ਰਸਤੁਤ ਕਰਦਾ ਹੋਇਆ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਨ ਲਈ ਉਤਸੁਕ ਕਰ ਰਿਹਾ ਹੈ । ਇਸ ਤੋਂ ਅਗੇ ਕਹਾਣੀਕਾਰ ਸਿਮਰਨ ਅਤੇ ਮਿਸਟਰ ਮੈਨੇਜਰ ਦੇ ਆਪਸੀ ਵਿਰੋਧ ਦੇ ਵਰਤਾਓ ਨੂੰ ਹਮਦਰਦੀ ਵਿੱਚ ਬਦਲਦਾ ਹੋਇਆ, ਉਲਟਾਓ/ਪਲਟਾਓ ਦੀ ਜੁਗਤ ਅਧੀਨ ਮੋਟਿਫ਼ਾਂ ਦੀ ਸਥਿਤੀ ਬਿਲਕੁਲ ਉਲਟ ਕਰ ਦਿੰਦਾ ਹੈ । ਜਿਸ ਸਦਕਾ ਬਿਰਤਾਂਤ ਅਗਾਂਹ ਵੀ ਵਧਦਾ ਹੈ ਅਤੇ ਫੈਲਦਾ ਹੋਇਆ ਗਹਿਰਾ ਵੀ ਹੁੰਦਾ ਜਾਂਦਾ ਹੈ । ਜਿਵੇਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ,

''ਪ੍ਰੋ. ਵਿਕਾਸ ਦਾ ਵਿਆਹ ਹੋ ਗਿਐ ...।'' ਸਿਮਰਨ ਨੇ ਪਤਾ ਨਹੀਂ ਕਿਉਂ ਦੱਸਿਆ ਸੀ ਉਸਨੂੰ ।

''ਅੱਛਾ ... ਚਲੋ ਚੰਗਾ ਹੋਇਐ ...।'' ਕਹਿੰਦਾ ਕਹਿੰਦਾ ਉਹ ਰੁਕ ਗਿਆ ਸੀ ...

''ਇੱਥੇ ਹੀ ਆਇਆ ਹੋਇਆ ਉਹ ਹਨੀਮੂਨ ਮਨਾਉਣ ...।'' ਪਤਾ ਨਹੀਂ ਕਿਉਂ ਸਿਮਰਨ ਨੇ ਝੂਠ ਬੋਲਿਆ ਸੀ।

''ਅੱਛਾ ... ਕੱਲ ਘਰ ਬੁਲਾ ਲਈਏ ਉਹਨਾਂ ਨੂੰ ... ।'' ...

''ਇਕੱਠੇ ਨਹੀਂ ਆਉਣ ਲੱਗੇ ਉਹ । ਉਹ ਤਾਂ ਅੱਜ ਵੀ ਮੇਰੇ ਨਾਲ ਰਿਹੈ ... ਉਹ ਬੈਠੀ ਰਹੀ ਹੈ ਕੱਲੀ ਹੋਟਲ ਵਿੱਚ ... ਕੱਲ ਵੀ ਅਸੀਂ ਉਪਰ ਘੁੰਮਣ ਜਾ ਰਹੇ ਹਾਂ ਮੈਂ ਤੇ ਵਿਕਾਸ ...।'' ਕਹਿੰਦੀ ਕਹਿੰਦੀ ਉਹ ਬਾਥਰੂਮ ਵਿੱਚ ਚਲੀ ਗਈ ਸੀ । ਅੱਜ ਪਹਿਲੀ ਵਾਰ ਮਿਸਟਰ ਮੈਨੇਜਰ ਸਾਹਵੇਂ ਝੂਠ ਬੋਲਦੇ ਚੰਗਾ ਨਹੀਂ ਸੀ ਲੱਗਿਆ ਤੇ ਉਹ ਟੂਟੀ ਖੋਲ੍ਹਕੇ ਪਾਣੀ ਦੇ ਸ਼ੋਰ ਵਿੱਚ ਰੱਜ ਕੇ ਰੋਈ ਸੀ ... ।...

ਉਸ ਰਾਤ ਸਿਮਰਨ ਨੇ ਫੈਸਲਾ ਕੀਤਾ ਸੀ ਕਿ ਕੱਲ ਸਵੇਰੇ ਸਭ ਸੱਚੋ ਸੱਚ ਦੱਸਕੇ ਸਮਝੌਤਾ ਕਰ ਲੈਣੈ ।[51]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਮੋਟਿਫ਼ ਜਿੱਥੇ ਆਪਣੇ ਹੱਕਾਂ ਲਈ ਲੜਦੇ ਭਿੜਦੇ ਸਿਮਰਨ ਅਤੇ ਮਿਸਟਰ ਮੈਨੇਜਰ ਦੀ ਇੱਕ ਦੂਜੇ ਪ੍ਰਤੀ ਬਦਲ ਰਹੀ ਵਿਰੋਧ ਤੋਂ ਤਰਸ ਤੇ ਹਮਦਰਦੀ ਕਰਨ ਦੀ ਮਾਨਸਿਕਤਾ ਦੇ ਪ੍ਰਭਾਵ ਨੂੰ ਸਪੱਸ਼ਟ ਕਰਦੇ ਹਨ ਉੱਥੇ ਗਾਲਪਨਿਕ ਮੋਟਿਫ਼ ਦੇ ਤੌਰ ਤੇ ਕਈ ਰੀਮਕ ਸੰਭਾਵਨਾਵਾਂ ਨੂੰ ਪੇਸ਼ ਕਰਦੇ ਹਨ ਕਿ :

- ਹੋ ਸਕਦਾ ਉਨ੍ਹਾਂ ਦੋਨਾਂ ਵਿਚਕਾਰ ਸਮਝੌਤਾ ਹੋ ਜਾਵੇ,
- ਇਹ ਵੀ ਹੋ ਸਕਦਾ ਕਿ ਮਿਸਟਰ ਮੈਨੇਜਰ ਸਮਝੌਤਾ ਨਾ ਕਰੇ,
- ਇਹ ਵੀ ਹੋ ਸਕਦਾ ਹੈ ਕਿ ਦੋਨਾਂ ਵਿੱਚੋਂ ਕੋਈ ਪਾਤਰ ਦੁੱਖ ਨੂੰ ਨਾ ਸਹਾਰਦਾ ਹੋਇਆ ਖੁਦਕੁਸ਼ੀ ਕਰ ਲਵੇ ।
- ਇੱਕ ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ ਦੋਵਾਂ ਪਾਤਰਾਂ ਵਿੱਚੋਂ ਕਿਸੇ ਦੀ ਅਚਨਚੇਤੀ ਮੌਤ ਹੋ ਜਾਵੇ ,

ਉਪਰੋਕਤ ਰੀਮਕ ਸੰਭਾਵਨਾਵਾਂ ਵਿੱਚੋਂ ਕਹਾਣੀਕਾਰ ਕਹਾਣੀ ਦੇ ਬਿਰਤਾਂਤ ਨੂੰ ਅਗਾਂਹ ਤੋਰਨ ਲਈ ਅੰਤਮ ਰੀਮ ਨੂੰ ਚੁਣ ਲੈਂਦਾ ਹੈ । ਇਹ ਅੰਤਿਮ ਰੀਮ ਅਗਲੇ ਮੋਟਿਫ਼ਾਂ ਲਈ ਥੀਮ ਬਣ ਕੇ ਅੱਗੇ ਚੱਲ ਪੈਂਦੀ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ —

> ਪਰ ਓਸ ਕੱਲ ਨੇ ਨਹੀਂ ਸੀ ਆਉਣਾ ਤੇ ਨਾ ਹੀ ਆਈ । ਬਲਰਾਜ ਸਵੇਰੇ ਸੈਰ ਕਰਨ ਲਈ ਘਰੋਂ ਨਿਕਲੇ, ਮੁੜ ਵਾਪਿਸ ਨਹੀਂ ਪਰਤੇ ... । ''ਡੈਡ ਬੌਡੀ' ਆਈ ਸੀ ਉਹਨਾਂ ਦੀ । ਕਹਿੰਦੇ, ''ਕੋਈ ਵੱਡੀ ਫੇਟ ਮਾਰ ਗਈ ...।''[52]

ਉਪਰੋਕਤ ਮੋਟਿਫ਼ ਕਹਾਣੀਕਾਰ ਦੀ ਚੁਣੀ ਹੋਈ ਰੀਮ ਦੀ ਗਵਾਹੀ ਭਰਦੇ ਹੋਏ ਵਿਕਾਸ ਕਰਦੇ ਹਨ । ਜਿਵੇਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਸਿਮਰਨ ਬਹੁਤ ਰੋਈ ਸੀ ਬਲਰਾਜ ਲਈ ... । ਬਲਰਾਜ ਤੋਂ ਵੀ ਵੱਧ ਓਸ ਬੱਚੇ ਲਈ ਰੋਈ ਸੀ ਜਿਸ ਬੱਚੇ ਨੂੰ ਉਹ ਬਲਰਾਜ ਨੂੰ ਦੱਸੇ ਬਿਨਾਂ ਡਾਕਟਰ ਦੀਆਂ ਕੈਂਚੀਆਂ ਦੇ ਹਵਾਲੇ ਕਰ ਆਈ ਸੀ ... । ਹੁਣ ਉਹ ਕਦੇ ਕਦੇ ਬਹੁਤ ਝੂਰਦੀ । ਬਲਰਾਜ ਵਾਲੀ ਮਿਲੀ ਨੌਕਰੀ ਕਰਦਿਆਂ ਗਿਲਟੀ ਫੀਲ ਕਰਦੀ ਹੈ । ਫਿਰ ਕਦੇ ਕਦੇ ਆਪਣੇ ਆਪ ਨੂੰ ਜਸਟੀਫਾਈ ਕਰਨ ਲੱਗਦੀ ਹੈ ਕਿ ਔਰਤ ਜਿਸ ਨੂੰ ਪਿਆਰ ਨਹੀਂ ਕਰਦੀ ਉਸਦਾ ਬੱਚਾ ਕਿਉਂ ਜੰਮੇ । ਫਿਰ ਆਪ ਹੀ ਆਪਣੇ ਆਪ ਨੂੰ ਪੁੱਛਦੀ ਹੈ, ''ਕੀ ਪ੍ਰੋ. ਦਾ ਬੱਚਾ ਜੰਮੇ ਜਿਸ ਵਿੱਚ ਗੱਟਸ ਹੀ ਨਹੀਂ ... ?'' ਉਹ ਮੇਘਨਾ ਨੂੰ ਯਾਦ ਕਰਦੀ, ''ਦੱਸ ਮੇਘਨਾ ਮੈਂ ਬੱਚਾ ਕਿਸ ਦਾ ਜੰਮਾ 'ਡਮਰੂ' ਦਾ ... ?'' ਇਹ ਸਵਾਲ ਸਿਮਰਨ ਦੇ ਚੁਫੇਰੇ ਫੈਲਦਾ ਹੈ ਜਿਸ ਵਿੱਚ ਕਿੰਨੇ ਹੀ ਸਵਾਲ ਤਾਂਡਵ ਨੱਚਦੇ ਨੇ ... ।[53]

ਅਤੀਤ ਕਾਲਕ ਅਤੇ ਵਰਤਮਾਨ ਦੇ ਵੇਰਵਿਆਂ ਨੂੰ ਇਕੋ ਸਮੇਂ ਪੇਸ਼ ਕਰਦੇ ਉਪਰੋਕਤ ਮੋਟਿਫ਼ ਸਿਮਰਨ ਦੀ ਉਦਾਸ ਮਾਨਸਿਕਤਾ ਦੇ ਕਾਰਨਾਂ ਨੂੰ ਸਪੱਸ਼ਟ ਕਰਨ ਦੇ ਨਾਲ-ਨਾਲ ਸਿਮਰਨ ਦੀਆਂ ਦੱਬੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਫਰੋਲਣ ਲਈ ਗਤੀਸ਼ੀਲ ਮੋਟਿਫ਼ਾਂ ਵਜੋਂ ਵਿਕਾਸ ਕਰਦੇ ਹਨ ਕਿਉਂਕਿ ਸਿਮਰਨ ਦੀਆਂ ਮਾਨਸਿਕ ਖ਼ਾਹਿਸ਼ਾਂ ਨੂੰ ਸਪੱਸ਼ਟ ਕਰਦੇ ਮੋਟਿਫ਼ ਕਹਾਣੀ ਬਿਰਤਾਂਤ ਵਿੱਚ ਥਾਂ-ਪਰ-ਥਾਂ ਖਿਲਰੇ ਹੋਏ ਹਨ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਸਿਮਰਨ ਦਾ ਅੰਤਰਮਨ ਸਾਗਰ ਮੰਥਨ ਦੀ ਅਵਸਥਾ 'ਚ ਪੁਜਦਾ ਹੈ । ਅੰਦਰ ਕਿਤੇ ਬਿਜਲੀ ਵਾਂਗੂ ਕਿਸੇ ਜੁਆਬ ਦਾ ਉਤਰ ਲਿਸ਼ਕ ਜਾਂਦਾ ਹੈ ਕਿ ਲੂਣਾ ਤੇ ਸੁੰਦਰਾਂ ਕਿਸੇ ਬਾਰ੍ਹਾਂ ਜਾਂ ਅਠਾਰ੍ਹਾਂ ਵਰਿਆਂ ਦੇ ਨੌਜਵਾਨ ਨੂੰ ਨਹੀਂ ਪੂਰਨ ਨੂੰ ਚਾਹੁੰਦੀਆਂ ਸਨ ਪੂਰਨ ਮਨੁੱਖ ਯਾਨਿ 'ਪਰਫੈਕਟ ਮੈਨ' ... । ਮੇਘਨਾ ਸ਼ਾਇਦ ਉਸੇ ਦੀ ਤਲਾਸ਼ ਵਿੱਚ ਭਟਕ ਗਈ ਹੋਵੇ । ਮੈਨੂੰ ਵੀ ਉਸ ਪੂਰਨ ਦੀ ਤਲਾਸ਼ ਹੈ ...।''[54]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਮੋਟਿਫ਼ ਸਿਮਰਨ ਦੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਉਜਾਗਰ ਕਰਦੇ ਹੋਏ ਇਹ ਪ੍ਰਭਾਵ ਸਪੱਸ਼ਟ ਕਰਦੇ ਹਨ ਕਿ ਮਿਸਟਰ ਮੈਨੇਜਰ ਨੇ ਤਾਂ ਭਰਜੋਵਨ ਸਿਮਰਨ ਨੂੰ ਹਾਸਲ ਕਰਕੇ ਆਪਣੀ ਕਾਮ ਪੂਰਤੀ ਕਰ ਲਈ ਪਰ ਸਿਮਰਨ ਦੀ ਲਿੰਗ ਕਾਮਨਾ

ਬੁੱਢੇ ਮਿਸਟਰ ਮੈਨੇਜਰ ਪਾਸੋਂ ਅਤ੍ਰਿਪਤ ਹੀ ਰਹਿੰਦੀ ਹੈ । ਸਿਮਰਨ, ਨਾਰੀ ਦੀ ਯੌਨ ਭੁੱਖ ਦੀ ਮਾਨਵੀ ਲੋੜ ਦੀ ਪੂਰਤੀ ਨੂੰ ਲੋਚਦੀ ਹੋਈ ਮਨ ਹੀ ਮਨ ਉਸ ਸਵਰਗ ਦੀ ਕਲਪਨਾ ਕਰਦੀ ਹੈ ਜਿਸ ਵਿੱਚੋਂ ਉਸਦੀ ਕਾਮ ਅਤ੍ਰਿਪਤੀ ਸੰਤੁਸ਼ਟ ਹੋ ਸਕਦੀ ਹੈ । ਕਿਉਂਕਿ ਸੰਤੁਸ਼ਟ ਲਿੰਗ ਸੰਬੰਧ ਮਾਨਵੀ ਹੋਂਦ ਦੀ ਬੁਨਿਆਦੀ ਲੋੜ ਹੈ । ਆਪਣੇ ਹਾਣ ਪਰਵਾਨ ਦੇ ਵਿਰੋਧੀ ਲਿੰਗ ਨਾਲ ਮਿਲਕੇ ਹੀ ਮਾਨਵ ਸਰੀਰ ਪੂਰਨ ਮਨੁੱਖ ਬਣਦਾ ਹੈ । ਇਸੇ ਲਈ ਸਿਮਰਨ ਦੀ ਕਾਮਰੱਤੀ ਜਵਾਨੀ ਆਪਣੇ ਹਾਣ ਦਾ ਵਰ ਲੋਚਦੀ ਹੈ ਜੋ ਉਸਦੀ ਕਾਮੁਕ ਸੰਤੁਸ਼ਟੀ ਵੀ ਕਰੇ ਅਤੇ ਉਸਦੀਆਂ ਮਾਨਸਿਕ ਖ਼ਾਹਿਸ਼ਾਂ ਨੂੰ ਪੂਰਾ ਕਰਨ ਦਾ ਸਾਧਨ ਵੀ ਬਣੇ ।

> ਇਹ ਸੋਚਦੀ ਹੋਈ ਸਿਮਰਨ ਆਵਾਜ਼ ਮਾਰਦੀ ਹੈ, ‘‘ਡਮਰੂ ਜੀ ...।’’
>
> ‘‘ਜੀ ਬੀਬੀ ਜੀ ...।’’ ਉਹ ਆ ਕੇ ਝੁੱਕ ਗਿਆ ਹੈ ।
>
> ‘‘ਮੇਰੀ ਜੁੱਤੀ ਉਤਾਰੋ ...।’’‘‘ਜੀ ਬੀਬੀ ਜੀ ...।’’
>
> ‘‘ਖਾਣਾ ਬਣ ਗਿਆ ਹੈ ...?’’‘‘ਜੀ ਬੀਬੀ ਜੀ ...।’’
>
> ‘‘ਮੈਂ ਨਹਾ ਰਹੀ ਹੂੰ ਟਾਵਲ ਲੈ ਕੇ ਖੜ੍ਹੇ ਹੋ ਜਾਓ ...।’’‘‘ਜੀ ਬੀਬੀ ਜੀ ... ।’’
>
> ‘‘ਤੂੰ ਮੇਰਾ ਡਮਰੂ ਹੈ ਨਾ ... ?’’‘‘ਜੀ ਬੀਬੀ ਜੀ ... ।’’
>
> ‘‘ਜਿਵੇਂ ਵਜਾਵਾਂ ਵੱਜੇਂਗਾ ... ।’’‘‘ਜੀ ਬੀਬੀ ਜੀ ... ।’’
>
> ‘‘ਆ ਨੱਚੀਏ ... ।’’ ਉਹ ਉਸ ਨਾਲ ਨੱਚਣ ਲੱਗਦਾ ਹੈ ।
>
> ‘‘ਆ ਹੱਸੀਏ ... ।’’ ਉਹ ਉਸ ਦੇ ਨਾਲ ਹੱਸਣ ਲੱਗਦਾ ਹੈ ।
>
> ਹੱਸਦੀ ਹੱਸਦੀ ਸਿਮਰਨ ਅਚਾਨਕ ਰੋਣ ਲੱਗਦੀ ਹੈ । ਉਸ ਨੂੰ ਰੋਂਦੀ ਵੇਖ ਡਮਰੂ ਵੀ ਰੋਣ ਲੱਗ ਜਾਂਦਾ ਹੈ ... ।
>
> ਡਮਰੂ ਨੇ ਇਹੀ ਸਿਖਿਆ ਹੈ ਕਿ ਜਦੋਂ ਮੈਡਮ ਚੁੱਪ ਰਹੇ, ਚੁੱਪ ਰਹਿਣਾ ਹੈ । ਗੱਲਾਂ ਕਰੇ, ਗੱਲਾਂ ਕਰਨੀਆਂ ਹਨ । ਨੱਚੇ ਤਾਂ ਨੱਚਣਾ, ਹੱਸੇ ਤਾਂ ਹੱਸਣਾ, ਰੋਵੇ ਤਾਂ ਰੋਣਾ ਹੈ ।[55]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਾਰਤਾਲਾਪ ਦੀ ਜੁਗਤ ਵਜੋਂ ਸਿਮਰਨ ਦੀਆਂ ਆਪਣੇ ਪਤੀ ਪ੍ਰਤੀ ਚਿਤਰੀਆਂ ਮਾਨਸਿਕ ਖਾਹਿਸ਼ਾਂ ਦੇ ਅਣਗੌਲੇ ਸੰਦਰਭ ਨੂੰ ਅਗਰਭੂਮੀ ਵਿੱਚ ਪੇਸ਼ ਕਰਦੇ ਉਪਰੋਕਤ ਮੋਟਿਫ਼ਾਂ ਵਿੱਚ ਸਿਮਰਨ ਮਰਦ (ਡਮਰੂ) ਨੂੰ ਆਪਣੀ ਮਰਜ਼ੀ ਅਨੁਸਾਰ ਵਰਤਣ ਦੀ ਤਾਕਤ ਰੱਖਦੀ ਹੈ । ਇਨ੍ਹਾਂ ਮੋਟਿਫ਼ਾਂ ਨੂੰ ਅਸੀਂ ਸਮਾਨ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ ਵਜੋਂ ਵੀ ਵਿਚਾਰ ਸਕਦੇ ਹਾਂ । ਉਪਰੋਕਤ ਮੋਟਿਫ਼ਾਂ ਵਿੱਚ ਡਮਰੂ ਵਲੋਂ ਸਿਮਰਨ ਦੀ ਹਰੇਕ ਗੱਲ ਮੰਨਣ ਦਾ ਸਮਾਨ ਪ੍ਰਭਾਵ ਸਿਰਜਿਆ ਗਿਆ ਹੈ । ਪਰ ਸਿਮਰਨ ਦੀਆਂ ਮਾਨਸਿਕ ਖ਼ਾਹਿਸ਼ਾਂ ਤਾਂ ਹੀ ਪੂਰੀਆਂ ਹੋ ਸਕਦੀਆਂ ਹਨ ਜੇਕਰ ਉਸਦਾ ਪਤੀ ਉਸਦੀ ਭੜਕੀ ਹੋਈ ਕਾਮ ਅਤ੍ਰਿਪਤੀ ਨੂੰ ਸੰਤੁਸ਼ਟ ਕਰੇ । ਕਿਉਂਕਿ ਕਾਮਰੱਤੀ ਜਵਾਨੀ ਲਈ ਆਪਣੇ ਹਾਣ

ਤੋਂ ਸਿਵਾਏ ਹੋਰ ਸਭ ਕੁਝ ਵਿਅਰਥ ਹੁੰਦਾ ਹੈ । ਇਸੇ ਲਈ ਤਾਂ ਸਿਮਰਨ ਕਹਾਣੀ ਦੇ ਅਖੀਰ ਉਪਰ ਕਹਿੰਦੀ ਹੈ ,

> ''ਨਹੀਂ, ਨਹੀਂ ਪਤੀ ਡਮਰੂ ਨਹੀਂ ਹੁੰਦਾ ਪਤੀ ਤਾਂ ਪਤੀ ਹੁੰਦਾ ਹੈ ... ।''
> ਉਦੋਂ ਡਮਰੂ ਚੁੱਪ ਰਹਿੰਦਾ ਹੈ, ਉਹ ਨਹੀਂ ਜਾਣਦਾ ਕਿ ਉਹ ਮੈਡਮ ਦੀ ਇਸ ਗੱਲ ਦਾ ਕੀ ਜੁਆਬ ਦੇਵੇ ... ?[56]

Parmpal Singh Badal

VPO-Badal ,The-Malout

Disst –Sri Muktsar Sahib

Mobile No-98158-95184

## ਹਵਾਲੇ ਤੇ ਟਿੱਪਣੀਆਂ

1. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 11.
2. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 75
3. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 11.
4. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 75.
5. **ਉਹੀ,** ਪੰਨਾ
6. **ਉਹੀ,** ਪੰਨਾ
7. **ਉਹੀ,** ਪੰਨਾ
8. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 9.
9. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨ। 75-76.
10. **ਉਹੀ,** ਪੰਨਾ 76.
11. **ਉਹੀ,** ਪੰਨਾ.
12. **ਉਹੀ,** ਪੰਨਾ.
13. **ਉਹੀ,** ਪੰਨੇ 76-77.

14. **ਉਹੀ,** ਪੰਨਾ 77.
15. **ਉਹੀ,** ਪੰਨਾ.
16. **ਉਹੀ,** ਪੰਨਾ
17. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 36.
18. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 78.
19. **ਉਹੀ,** ਪੰਨਾ.
20. **ਉਹੀ,** ਪੰਨੇ 78–79.
21. **ਉਹੀ,** ਪੰਨਾ 79.
22. **ਉਹੀ,** ਪੰਨਾ 79.
23. **ਉਹੀ,** ਪੰਨੇ 79–80.
24. **ਉਹੀ,** ਪੰਨਾ 80.
25. **ਉਹੀ,** ਪੰਨੇ 80–81.
26. **ਉਹੀ,** ਪੰਨਾ 81.
27. **ਉਹੀ,** ਪੰਨਾ.
28. **ਉਹੀ,** ਪੰਨਾ 82.
29. **ਉਹੀ,** ਪੰਨਾ.
30. **ਉਹੀ,** ਪੰਨਾ 83.
31. **ਉਹੀ,** ਪੰਨੇ 83–84.
32. **ਉਹੀ,** ਪੰਨਾ 84.
33. **ਉਹੀ,** ਪੰਨਾ.
34. **ਉਹੀ,** ਪੰਨਾ.
35. **ਉਹੀ,** ਪੰਨਾ.
36. **ਉਹੀ,** ਪੰਨਾ.
37. **ਉਹੀ,** ਪੰਨਾ.
38. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 35.
39. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨੇ 84–85.
40. **ਉਹੀ,** ਪੰਨਾ 86.

41. **ਉਹੀ,** ਪੰਨੇ 86–87.

42. **ਉਹੀ,** ਪੰਨਾ 88.

43. **ਉਹੀ,** ਪੰਨੇ 88–89.

44. **ਉਹੀ,** ਪੰਨਾ 89.

45. **ਉਹੀ,** ਪੰਨੇ 89–90.

46. **ਉਹੀ,** ਪੰਨਾ 90.

47. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 41.

48. ਸੁਖਜੀਤ, **ਮੈਂ ਰੇਪ ਨੂੰ ਇੰਜੁਆਇ ਕਰਦੀ ਆਂ,** ਪੰਨੇ 90.

49. **ਉਹੀ,** ਪੰਨਾ.

50. **ਉਹੀ,** ਪੰਨਾ.

51. **ਉਹੀ,** ਪੰਨਾ 91.

52. **ਉਹੀ,** ਪੰਨਾ.

53. **ਉਹੀ,** ਪੰਨੇ 91–92. (54.) **ਉਹੀ,** ਪੰਨਾ 92. (55.) **ਉਹੀ,** ਪੰਨੇ 92–93. (56).**ਉਹੀ,** ਪੰਨਾ (93).